
AKAAL PURKH
KI FAUJ
FOOD
AKAAL

# ਪਰਿਵਾਰਕ ਸਾਂਝ ਅਤੇ ਸੰਭਾਲ

## (ਪਰਿਵਾਰ ਅੰਦਰਲਾ ਸ਼ਕਤੀਕਰਨ ਅਤੇ ਸਿੱਖ ਪਰਿਵਾਰਾਂ ਦਾ ਤਾਲਮੇਲ)

ਪਰਿਵਾਰ ਸਮਾਜ ਦੀ ਮੂਲ ਇਕਾਈ ਹੁੰਦੀ ਹੈ ਅਤੇ ਸਮਾਜਿਕ ਬਣਤਰ ਦਾ ਆਧਾਰ ਹੁੰਦਾ ਹੈ। ਇਕ ਘਰ ਵਿਚ ਰਹਿੰਦਿਆਂ ਜਾਂ ਬਾਹਰ ਰਹਿੰਦਿਆਂ ਖ਼ੂਨ ਤੇ ਕਾਨੂੰਨ ਕਰਕੇ ਆਪਸੀ ਗੂੜ੍ਹਾ ਸਬੰਧ ਹੁੰਦਾ ਹੈ। ਸਾਂਝਾ ਸਰਮਾਇਆ ਵਰਤਿਆ ਜਾਂਦਾ ਹੈ ਅਤੇ ਇਕ-ਦੂਜੇ ਨਾਲ ਭਾਵਨਾਤਮਿਕ ਸਾਂਝ ਹੁੰਦੀ ਹੈ। ਖ਼ੁਸ਼ੀਆਂ ਗਮੀਆਂ ਸਾਂਝੀਆਂ ਹੁੰਦੀਆਂ ਹਨ।

ਸਿੱਖ ਧਰਮ ਅੰਦਰ ਗ੍ਰਿਹਸਤ ਪ੍ਰਧਾਨ ਹੈ। ਸਿੱਖ ਦਾ ਘਰਬਾਰੀ ਹੋਣਾ ਲਾਜ਼ਮੀ ਹੈ ਕਿਉਂਕਿ ਘਰਬਾਰੀ ਤੱਤ ਸਮਾਜਿਕ-ਆਰਥਿਕ ਵਿਕਾਸ ਦਾ ਮੁੱਢ ਬੰਨਣ ਵਾਲਾ ਤੱਤ ਹੈ।

ਅੱਜ ਸਮਾਜ ਅੰਦਰ ਜੇ ਕਈ ਤਰ੍ਹਾਂ ਦੇ ਵਿਗਾੜਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹ ਵਿਗਾੜ ਪਰਿਵਾਰਾਂ ਦੀ ਹੀ ਉਪਜ ਹਨ। ਪਰਿਵਾਰਾਂ ਦਾ ਤਾਣਾ ਬਾਣਾ ਤੇਜ਼ੀ ਨਾਲ ਬਦਲ ਰਿਹਾ ਹੈ। ਸੰਯੁਕਤ ਪਰਿਵਾਰ ਦੇ ਵਰਦਾਨ ਤੋਂ ਵਾਂਝੇ ਹੋ ਚੁੱਕੇ ਇਕਹਿਰੇ ਪਰਿਵਾਰ ਦੇ ਅੰਦਰ ਇਕਹਿਰੇ ਪਰਿਵਾਰ ਪੈਦਾ ਹੋ ਰਹੇ ਹਨ। ਸੂਚਨਾ ਤੇ ਤਕਨਾਲੋਜੀ ਦੇ ਯੁੱਗ ਅੰਦਰ ਫ਼ਜ਼ੂਲ ਸੂਚਨਾਵਾਂ ਲੈਣ-ਦੇਣ ਦੇ ਰੁਝਾਨ ਨੇ ਪਰਿਵਾਰਕ ਸਾਂਝਾਂ ਨੂੰ ਤੋੜ ਦਿੱਤਾ ਹੈ। ਆਰਟੀਫ਼ਿਸ਼ੀਅਲ ਇੰਟੈਂਲੀਜੈਂਸੀ ਨੇ ਕੰਚਨ ਤੋਂ ਕੱਚ ਕਰ ਦਿੱਤਾ ਹੈ। ਸ਼ਰਾਬ ਅਤੇ ਨਸ਼ਿਆਂ ਕਾਰਨ ਔਰਤਾਂ ਅਤੇ ਬੱਚੇ ਘਰ ਵਿਚ ਹੀ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ।

ਨਤੀਜੇ ਵਜੋਂ ਅੱਜ ਦਾ ਮਨੁੱਖ ਬੱਚੇ ਤੋਂ ਬਜ਼ੁਰਗ ਤੱਕ ਕਈ ਤਰ੍ਹਾਂ ਦੇ ਤਣਾਅ ਤੇ ਮੁਸੀਬਤਾਂ ਦੇ ਜਾਲ ਵਿਚ ਫਸ ਗਿਆ ਹੈ। ਮਾਪਿਆਂ ਦਾ ਵੱਡਾ ਫਰਜ਼ ਬਣਦਾ ਹੈ ਕਿ ਘਰਾਂ ਦਾ ਵਾਤਾਵਰਨ ਅਜਿਹਾ ਬਣਾਉਣ ਕਿ ਬੱਚਿਆਂ ਨੂੰ ਰਿਸ਼ਤਿਆਂ ਦੇ ਮਹੱਤਵ ਤੇ ਸਮਾਜਿਕ ਕਦਰਾਂ-ਕੀਮਤਾਂ ਦੀ ਸਿੱਖਿਆ ਸਹਿਜ ਸੁਭਾਅ ਘਰ ਵਿਚੋਂ ਹੀ ਮਿਲਦੀ ਰਹੇ। ਜਿਸ ਲਈ ਆਪਸ ਵਿਚ ਰਲ ਮਿਲ ਕੇ ਬੈਠਣਾ ਤੇ ਗੱਲਾਂ ਕਰਨੀਆਂ ਬਹੁਤ ਜ਼ਰੂਰੀ ਹਨ।

**ਪਰਿਵਾਰ ਵਿਚ ਇਕੱਠੇ ਬੈਠੀਏ**
**ਪਰਿਵਾਰਾਂ ਨਾਲ ਇਕੱਠੇ ਬੈਠੀਏ**
**ਪਰਿਵਾਰ ਦੇ ਬੱਚਿਆਂ ਦੀ ਸੁਣੀਏ**

**ਅਸੀਂ ਆਉਣ ਵਾਲੇ ਦਿਨਾਂ ਵਿੱਚ ਪਾਰਿਵਾਰਿਕ ਸਾਂਝ ਅਤੇ ਸੰਭਾਲ ਸੰਮੇਲਨ ਕਰਾਂਗੇ**

ਸਵੈ ਇੱਛਤ ਕੌਮੀ ਭਾਈਚਾਰਕ ਸੇਵਾ

AN INITITATIVE BY
AKAAL PURKH KI FAUJ

# ਸੇਵਾ

## ਸਵੈ ਇੱਛਤ ਕੌਮੀ ਭਾਈਚਾਰਕ ਸੇਵਾ

## VOLUNTARY COMMUNITY SERVICE

ਗੁਰੂ ਨਾਨਕ ਸਾਹਿਬ ਜੀ ਦੇ ਫ਼ਲਸਫੇ ਤੇ ਚਲਦਿਆਂ ਜਿੱਥੇ ਗੁਰੂ ਦੇ ਸਿੱਖਾਂ ਨੂੰ ਸੇਵਾ ਸਿਮਰਨ ਦੀ ਗੁੜ੍ਹਤੀ ਮਿਲੀ ਉਥੇ ਸੰਸਾਰਕ ਤੌਰ ਤੇ ਸਿਖਰੀ ਜੀਵਨ ਜਿਊਣ ਦੀ ਜਾਚ ਵੀ ਪ੍ਰਾਪਤ ਹੋਈ। ਗੁਰੂ ਦੇ ਲਾਲਾਂ ਨੇ ਵਖ ਵੱਖ ਸਮੇ ਅੰਦਰ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕੀਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਪ੍ਰੇਰਕ ਮਾਰਗ ਉਸਾਰਿਆ। ਇਸੇ ਲੜੀ ਵਿਚ ਸਮੇਂ ਦੀ ਲੋੜ ਅਨੁਸਾਰ ਅੱਜ ਤੋਂ 150 ਸਾਲ ਪਹਿਲਾਂ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ ਗਈ ਜਿਸਦੇ ਬਹੁਤ ਹੀ ਸਾਰਥਕ ਨਤੀਜੇ ਨਿਕਲੇ। ਅੱਜ ਸਿੱਖ ਕੌਮ ਦੀਆਂ ਨਾਮੀ ਸੰਸਥਾਵਾਂ ਇਸੇ ਲਹਿਰ ਦਾ ਨਤੀਜਾ ਹਨ।

ਅੱਜ ਸਾਡੇ ਸਾਹਮਣੇ ਵੀ ਕੁਝ ਚੁਣੌਤੀਆਂ ਹਨ ਅਤੇ ਉਨ੍ਹਾਂ ਦਾ ਸਾਹਮਣਾ ਕਰਣ ਵਾਸਤੇ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਅਕਾਲ ਪੁਰਖ ਕੀ ਫ਼ੌਜ ਵੱਲੋਂ ਲੰਮੇ ਸਮੇਂ ਤੋਂ ਸਿੱਖ ਨੌਜਵਾਨਾਂ ਦੀ ਪ੍ਰਗਤੀ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਉਭਾਰਨ ਵਾਸਤੇ ਨਿਵੇਕਲੇ ਕਾਰਜ ਕੀਤੇ ਜਾ ਰਹੇ ਹਨ। ਇਸੇ ਲੜੀ ਵਿਚ ਸੰਸਥਾ ਵੱਲੋਂ ਸਵੈ ਇੱਛਤ ਕੌਮੀ ਭਾਈਚਾਰਕ ਸੇਵਾ (VOLUNTARY COMMUNITY SERVICE) ਦਾ ਆਰੰਭ ਹੋ ਰਿਹਾ ਹੈ, ਜਿਸ ਦੇ ਅੰਤਰਗਤ ਇਛੁੱਕ ਵੀਰ ਅਤੇ ਭੈਣਾਂ 1 ਸਾਲ ਵਿਚ 7 ਦਿਨ ਸੇਵਾ ਕਰਨ ਵਾਸਤੇ ਤਿਆਰ ਹਨ। ਆਪ ਜੀ ਜਿਸ ਵੀ ਜਗ੍ਹਾ ਤੇ ਹੋ, ਜਿਸ ਵੀ ਉਮਰ ਦੇ ਵਿਚ ਹੋ, ਜਿਹੜੇ ਮਰਜ਼ੀ ਤਰੀਕੇ ਦੇ ਨਾਲ ਆਪਣਾ ਯੋਗਦਾਨ ਪਾ ਸਕਦੇ ਹੋ ਤੇ ਕਿਰਪਾ ਕਰ ਕੇ ਲਿੰਕ/ QR ਕੋਡ ਦੇ ਜ਼ਰੀਏ ਫਾਰਮ ਨੂੰ ਭਰ ਕੇ ਜਮਾਂ ਕਰਾਉ ਅਤੇ ਆਪਣੇ ਸਮੇਂ ਦਾ ਦਸਵੰਧ ਕੱਢਣ ਦਾ ਜਤਨ ਕਰੋ। ਸਾਡੀ ਟੀਮ ਵੱਲੋਂ ਆਪ ਜੀ ਨਾਲ ਜਲਦੀ ਸੰਪਰਕ ਕੀਤਾ ਜਾਵੇਗਾ।

SCAN THE CODE TO REGISTER

1999-2024

www.apkf.org





84377 83377 | 9216 222 000




# ਸਹਿਜਤਾ ਨਾਲ ਸੁਨੇਹਾ
# EFFORT LESS MESSAGE

ਬਚਪਨ ਤੋ ਲੈ ਕੇ ਵੱਡੇ ਹੋਣ ਤਕ ਬਹੁਤ ਸਾਰੀਆਂ ਵਸਤਾਂ ਸਾਡੇ ਜੀਵਨ ਵਿਚ ਵਰਤਨ ਨੂੰ ਮਿਲਦੀਆਂ ਹਨ ਜਾਂ ਇਹ ਕਹਿ ਲਈਏ ਕਿ ਸਾਡੀ ਜਰੂਰਤ ਹੁੰਦੀਆਂ ਹਨ ਉਹ ਕਾਪੀਆਂ, ਪੈਨ, ਚਾਹ ਵਾਲੇ ਮੱਘੇ, ਕਪੜੇ ਅਤੇ ਘਰ ਵਿਚ ਲਗਣ ਵਾਲਾ ਸਮਾਨ ਆਦਿ।

ਜੇ ਇਹ ਸਾਰਾ ਕੁਝ ਸਿੱਖੀ/ਸਮਾਜ ਦੇ ਚੰਗੇ ਸੁਨੇਹੇ ਦੇਣ ਲਈ ਕੰਮ ਵਿਚ ਲਿਆਉਂਦਾ ਜਾਵੇ ਤਾਂ ਇਹ ਸਹਿਜੇ ਹੀ ਆਪਣਾ ਸੁਨੇਹਾ ਤੁਹਾਡੇ ਦਿਮਾਗ ਤੱਕ ਪਹੁੰਚਾ ਸਕਦੀਆਂ ਹਨ ਸ਼ੁਰੂਆਤੀ ਤੌਰ ਤੇ ਕਾਪੀਆਂ ਦੇ ਟਾਈਟਲ ਤੇ EXAMINATION BOARD ਤੇ ਕੰਮ ਕੀਤਾ ਹੈ ਹੋਰ ਵੀ ਕਰ ਸਕਦੇ ਹਾਂ।



# ਬਾਬਾ ਬੁੱਢਾ ਜੀ ਪ੍ਰੋਜੇਕਟ

## ਧਰਮ ਪਰਿਵਰਤਨ

ਸਿੱਖ ਕੌਮ ਦੀ ਕੌਮੀ ਜੁਗਤਿ ਅੰਦਰ ਕਿਸੇ ਦੂਜੇ ਮੱਤ ਦੇ ਵਿਅਕਤੀ ਜਾਂ ਵਿਅਕਤੀਆਂ ਨੂੰ ਕਿਸੇ ਪ੍ਰਕਾਰ ਦਾ ਲੋਭ ਲਾਲਚ ਦੇ ਕੇ ਜਾਂ ਭਰਮਾ ਕੇ ਸਿੱਖ ਹੋਣ ਲਈ ਕੋਈ ਕਿਰਆ ਨਹੀਂ ਕੀਤੀ ਜਾ ਸਕਦੀ। ਇਥੇ ਤਾਂ ਕੇਵਲ ਗੁਰਸਿੱਖੀ ਜੀਵਨ ਵੀਚਾਰਧਾਰਾ ਨੂੰ ਖੁੱਦ ਸਮਝਣ ਅਤੇ ਅਮਲਾਉਣ ਦੀ ਜੁਗਤਿ ਹੈ। ਸੰਸਾਰ ਦੇ ਕਿਸੇ ਵੀ ਮਤ ਮਤਾਂਤਰ ਦਾ ਵਿਅਕਤੀ ਜਾਂ ਸਮੂਹ, ਗੁਰਸਿੱਖ ਜੀਵਨ ਜਾਚ ਤੇ ਅਮਲ ਤੋਂ ਪ੍ਰਭਾਵਿਤ ਹੋ ਕੇ ਗੁਰਸਿੱਖੀ ਰਹਿਤ ਵਿਚ ਸਵੈ-ਇੱਛਾ ਅਨੁਸਾਰ ਆ ਸਕਦੇ ਹਨ।

ਅੱਜ ਕੱਲ ਵੇਖਣ ਵਿਚ ਆ ਰਿਹਾ ਹੈ ਕਿ ਗਵਾਂਢੀ ਮੱਤਾਂ ਦੇ ਪੈਰੋਕਾਰ ਪੰਜਾਬ ਅੰਦਰ ਜਾਂ ਦੂਜੇ ਸੂਬਿਆਂ ਜਾਂ ਦੇਸ਼ਾਂ ਅੰਦਰ ਵਿਧੀਵਤ ਢੰਗਾਂ, ਜਾਦੂਗਰੀ ਦ੍ਰਿਸ਼ਾਂ, ਤੰਦਰੁਸਤੀ, ਨੌਕਰੀ ਅਤੇ ਹੋਰ ਭਰਮ ਭੁਲੇਖਿਆਂ ਨੂੰ ਪ੍ਰਚਾਰ ਕੇ ਆਪਣੇ ਮੱਤਾਂ ਵੱਲ ਪ੍ਰੇਰ ਪ੍ਰੇਰ ਕੇ ਦਾਖਲਾ ਕਰਨ ਲਈ ਭਰਪੂਰ ਪ੍ਰਭਾਵਸ਼ਾਲੀ ਅਡੰਬਰ ਕਰ ਰਹੇ ਹਨ। ਪੰਜਾਬ ਦੇ ਅੰਦਰ ਇਕੱਲੇ ਇਸਾਈ ਮੱਤ ਦੇ ਪ੍ਰਚਾਰਕਾਂ ਨੇ ਕਈ ਤਰ੍ਹਾਂ ਦੇ ਹੱਥ-ਕੰਡੇ ਅਪਣਾ ਕੇ ਪਿਛਲੇ 10 ਸਾਲਾਂ ਵਿਚ ਆਪਣੀ ਗਿਣਤੀ ਤਿੰਨ ਲੱਖ ਤੋਂ 30 ਲੱਖ ਕਰ ਲਈ ਹੈ। ਬਹੁ ਗਿਣਤੀ ਸਿੱਖ ਕੌਮ ਦੇ ਪੈਰੋਕਾਰਾਂ ਵਿਚੋਂ ਹੀ ਉਨ੍ਹਾਂ ਨੇ ਸਿੱਖ ਪ੍ਰਭਾਵਿਤ ਕੀਤੇ ਤੇ ਕਰ ਰਹੇ ਹਨ।

ਇਸੇ ਹੀ ਤਰਜ ਤੇ ਦੂਜੀਆਂ ਕੌਮਾਂ ਜਾਂ ਸੱਤਾਂ ਦੇ ਪੈਰੋਕਾਰ ਆਪਣੇ ਆਪਣੇ ਮੱਤ ਅੰਦਰ ਦਾਖਲਾ ਕਰਵਾਉਣ ਲਈ ਪ੍ਰਭਾਵਸ਼ਾਲੀ ਢੰਗਾਂ ਦੀ ਵਰਤੋਂ ਕਰ ਰਹੇ ਹਨ। ਸਿੱਖ ਕੌਮ ਸਾਹਮਣੇ ਦਰਪੇਸ਼ ਵੱਡੀ ਚੁਣੌਤੀ ਹੈ ਕਿ ਦੂਸਰੇ ਮੱਤਾਂ ਵਲੋਂ ਪਸਾਰੇ ਜਾ ਰਹੇ ਧਰਮ ਪਰਿਵਰਤਨ ਦੇ ਭਰਮ-ਜਾਲ ਵਿਚੋਂ ਸਿੱਖੀ ਦੇ ਵਾਰਸਾਂ ਨੂੰ ਕਿਵੇਂ ਬਚਾਉਣਾ ? ਹਕੂਮਤੀ ਜਾਂ ਰਾਜਨੀਤਕ ਧਿਰਾਂ ਦੇ ਸਹਿਯੋਗ ਦੀ ਲੋੜ ਮਹਿਸੂਸ ਹੋ ਰਹੀ ਹੈ। ਕਾਲੇ ਜਾਦੂ ਵਾਲਾ ਕਾਨੂੰਨ ਰਾਹੀਂ ਇਸ ਸਿਲਸਿਲੇ ਨੂੰ ਆਪਾਂ ਰੋਕ ਸਕਦੇ ਹਾਂ ਤੇ ਵਿਉਂਤਬੰਦੀ ਦੀ ਲੋੜ ਹੈ।

ਸਾਡਾ ਸਭ ਤੋਂ ਵੱਡਾ ਰਣਨੀਤਕ ਫਾਇਦਾ ਹੈ ਕਿ ਹਰ ਪਿੰਡ/ਮੁਹੱਲੇ ਵਿਚ ਗੁਰਦੁਆਰਾ ਹੈ ਤੇ ਨਾਲ ਹੀ ਚੁਣੌਤੀ ਹੈ ਕਿ ਉਹ ਇਸ ਸਮੱਸਿਆ ਨੂੰ ਨਾਂ ਤਾ ਸਮਝਦੇ ਹਨ ਤੇ ਨਾਂ ਹੀ ਕੰਮ ਕਰਦੇ ਹਨ। ਗ੍ਰੰਥੀ ਸਿੰਘ ਆਪਣੀਆਂ ਸਮਸਿਆਵਾਂ ਨਾਲ ਜੂਝ ਰਿਹਾ ਹੁੰਦਾ ਹੈ ਤੇ ਜਦੋ ਵਿਸ਼ਲੇਸ਼ਣ ਕਰੀਏ ਤੇ ਪਤਾ ਲਗਦਾ ਹੈ ਕਿ ਬਹੁਤਾਤ ਕਿਸੇ ਪੜਾਈ ਤੋਂ ਬਗੈਰ ਹੀ ਗ੍ਰੰਥੀ ਸਿੰਘ ਹੈ।

ਅਸੀ ਹਰ ਗੁਰਦੁਆਰੇ ਦੇ ਇਸ ਯੁਨਿਟ ਨੂੰ ਆਪਣਾ ਅਗਲਾ ਮੋਰਚਾ ਮੰਨੀਏ ਤੇ ਕੰਮ ਕਰੀਏ।

ਜਿਹੜੇ ਵੀਰ ਗੁਰੂ ਘਰ ਵਿਖੇ ਅਪਣੀ ਡਿਊਟੀ ਦੌਰਾਨ ਬੱਚਿਆਂ, ਨੋਜਵਾਨਾਂ ਤੇ ਸੰਗਤਾਂ ਦੀਆਂ ਗੁਰਮਤਿ ਕਲਾਸਾਂ ਰਾਹੀਂ, ਗੁਰਬਾਣੀ ਸੰਥਿਆ, ਗਤਕਾ, ਕੀਰਤਨ, ਦੀਆਂ ਸੇਵਾਵਾਂ ਨਿਭਾ ਰਹੇ ਹਨ ਉਹਨਾਂ ਵੀਰਾਂ ਦਾ ਦਿਲੋਂ ਸਤਿਕਾਰ ਕਰੀਏ, ਆਓ ਅਕਾਲ ਪੁਰਖ ਕੀ ਫ਼ੌਜ ਵੱਲੋਂ ਉਲੀਕੇ ਬਾਬਾ ਬੁੱਢਾ ਜੀ ਪ੍ਰੋਗਰਾਮ ਅਧੀਨ ਇੱਕਤਰ ਹੋਈਏ। ਇਕ ਨਵੇਂ ਉਪਰਾਲੇ ਦੀ ਪਹਿਲ ਕਰੀਏ, ਗੁਰੂ ਸਾਹਿਬ ਦੀ ਕਿਰਪਾ ਸਦਕਾ ਕੋਈ ਵਿਉਂਤ ਬਣਾਈਏ।

# ਬਾਬਾ ਬੁੱਢਾ ਜੀ ਪ੍ਰੋਜੇਕਟ

## ਧਰਮ ਪਰਿਵਰਤਨ

ਅਕਾਲ ਪੁਰਖ ਕੀ ਫੌਜ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਦੀ ਤਰਤੀਬ–

ਗੁਰਮਤਿ ਕਲਾਸ: ਜੋ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਵੱਲੋਂ ਲਗਾਈ ਜਾਵੇਗੀ।

ਗਤਕਾ ਕਲਾਸ– ਜੋ ਕਿ ਬੱਚਿਆਂ ਦੇ ਸਰੀਰਕ ਕਸਰਤ ਲਈ ਜ਼ਰੂਰੀ ਹੈ।

SUBJECT CLASS - ਜਿਸ ਵਿਚ ਬੱਚਿਆਂ ਨੂੰ ਗਣਿਤ (MATH), ਸਾਇੰਸ (SCIENCE) ਅਤੇ ਅੰਗਰੇਜ਼ੀ (ENGLISH) ਪੜ੍ਹਾਈ ਜਾਵੇ, ਇਹ ਕਲਾਸ ਵੀ ਗੁਰਦੁਆਰਾ ਸਾਹਿਬ ਚ ਆਰੰਭ ਕਰਵਾਈ ਜਾਵੇ। ਇਹ ਕਲਾਸ ਪਿੰਡ ਦੇ ਰਿਟਾਇਰਡ ਅਧਿਆਪਕ ਜਾਂ ਕਿਸੇ ਵੀ ਚਾਹਵਾਨ ਅਧਿਆਪਕ ਕੋਲੋਂ ਲਗਾਈ ਜਾ ਸਕਦੀ ਹੈ।

ਅਰਦਾਸ ਮੁਹਿੰਮ– ਹਰ ਘਰ ਵਿਚ ਜਿਸ ਵਿੱਚ ਕੋਈ ਬਿਮਾਰ ਹੈ, ਜਿਸ ਘਰ ਕੋਈ ਮੁਸ਼ਕਿਲ ਹੈ, ਉਸ ਘਰ ਗ੍ਰੰਥੀ ਸਿੰਘ ਜਾਵੇ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰੇ।

**ਅਸੀ ਉਹਨਾਂ ਦੇ ਬੱਚਿਆਂ ਲਈ ਪੜਾਈ ਤੇ ਉਹਨਾਂ ਦੇ ਪਰਿਵਾਰ ਲਈ ਸਹਿਤ ਦਾ ਪ੍ਰਬੰਧ ਕਰੀਏ।**

# ਗੁਰਦੁਆਰਾ ਸੰਸਥਾ ਨਿਯਮਾਵਲੀ ਅਪਣਾਵੇ

ਗੁਰਦੁਆਰਾ ਐਸਾ ਅਹਿਮ ਸ੍ਰੋਤ ਹੈ ਜਿੱਥੋਂ ਸਿੱਖ ਨੇ ਸੰਗਤ, ਪੰਗਤ, ਗੁਰਬਾਣੀ ਗਿਆਨ ਦੇ ਨਾਲ ਨਾਲ ਰਾਗਮਈ ਕੀਰਤਨ, ਸ਼ਾਸਤਰ ਗਿਆਨ, ਸ਼ਸਤਰ ਗਿਆਨ ਅਤੇ ਸਿੱਖ ਜੀਵਨ-ਜਾਚ ਦਾ ਖ਼ਜ਼ਾਨਾ ਪ੍ਰਾਪਤ ਕਰਨਾ ਹੁੰਦਾ ਹੈ। ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਗੁਰਦੁਆਰਾ ਕਾਰਜ ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਸਪੱਸ਼ਟ ਸੰਕੇਤ ਦਿੰਦੇ ਹਨ :

ਸਿੱਖਾਂ ਦਾ ਗੁਰਦੁਆਰਾ :

- ਵਿਦਆਰਥੀਆਂ ਲਈ ਸਕੂਲ
- ਆਤਮ ਜਿਗਆਸਾ ਵਾਲਿਆਂ ਲਈ ਗਿਆਨ-ਉਪਦੇਸ਼ ਆਚਾਰਯ
- ਰੋਗੀਆਂ ਲਈ ਸ਼ਫ਼ਾਖ਼ਾਨਾ
- ਭੁੱਖਿਆਂ ਲਈ ਅੰਨਪੂਰਣਾ
- ਇਸਤਰੀ ਜਾਤ ਦੀ ਪਤ ਰੱਖਣ ਲਈ ਲੋਹਮਈ ਦੁਰਗ
- ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ।

ਪਹਿਲਾਂ ਤਾਂ ਗੁਰਦੁਆਰਾ ਸੰਸਥਾਵਾਂ ਉਪਰੋਕਤ ਖੇਤਰਾਂ ਵਿਚ ਕੀਤੇ ਜਾਂਦੇ ਜਾਂ ਨਾ ਕੀਤੇ ਜਾਂਦੇ ਕਾਰਜਾਂ ਦੀ ਸਵੈ-ਪੜਚੋਲ ਕਰੇ। ਯਕੀਨੀ ਬਣਾਉਣ ਕਿ ਇਹ ਕਾਰਜ ਸਿੱਧੇ ਜਾਂ ਅਸਿੱਧੇ ਤੌਰ ਤੇ ਗੁਰਦੁਆਰਾ ਸਾਹਿਬ ਰਾਹੀਂ ਹੁੰਦੇ ਹੋਣ।

ਦੂਸਰਾ ਇਸ ਤੋਂ ਇਲਾਵਾ ਦੋ ਚਾਰ ਕਾਰਜ ਹੋਰ ਕਰਨ ਜੋ ਲੋੜਵੰਦਾਂ ਦੀ ਭਲਾਈ ਵਾਸਤੇ ਹੋਣ। ਉਦਾਹਰਣ ਵਾਸਤੇ ਕਿਸੇ ਹੁਨਰਮੰਦ ਨੂੰ ਕੋਈ ਕਾਰੋਬਾਰ ਸ਼ੁਰੂ ਕਰਨ ਵਿਚ ਮੱਦਦ ਜਾਂ ਗਰੀਬ ਵਿਦਆਰਥੀ ਨੂੰ ਵਕਾਰੀ ਅਹੁਦਿਆਂ ਦੀ ਕੋਚਿੰਗ ਇਤਿਆਦਿਕ ਬਹੁਤ ਕਾਰਜ ਕੀਤੇ ਜਾ ਸਕਦੇ ਹਨ।

ਨਿਰਸੰਦੇਹ ਜਦੋਂ ਗੁਰਦੁਆਰਾ ਕਮੇਟੀਆਂ ਆਪਣੀ ਸੋਚ ਦਾ ਦਾਇਰਾ ਵਿਸ਼ਾਲ ਕਰ ਲੈਣਗੀਆਂ ਤਾਂ ਫਿਰ ਉਹ ਦਸਵੰਧ ਲੈਣ ਦਾ ਪ੍ਰਚਾਰ ਕਰਨ ਦੇ ਨਾਲ ਨਾਲ ਗੁਰਦੁਆਰਾ ਗੋਲਕ ਦਾ ਦਸਵੰਧ ਕੱਢ ਕੇ ਮਨੁੱਖਤਾ ਦੀ ਸੇਵਾ ਕਰਕੇ ਸਿੱਖੀ ਦੇ ਬੋਲਬਾਲੇ ਦਾ ਆਧਾਰ ਬਣ ਸਕਣਗੀਆਂ। ਵਿਦੇਸ਼ਾਂ ਵਿਚ ਗੁਰਦੁਆਰਾ ਸੰਸਥਾਂਵਾਂ ਵਲੋਂ ਵਿਦਆਰਥੀਆਂ ਦੀ ਲੰਗਰ ਦੁਆਰਾ ਕੀਤੀ ਜਾਂਦੀ ਸੇਵਾ, ਗੁਰਦੁਆਰਿਆਂ ਦੀ ਉਸਤਤ ਕਰਵਾ ਰਹੀ ਹੈ।

SIKH
YOUTH THINK FEST

AKAAL PURKH KI FAUJ

# ਨੌਜਵਾਨਾਂ ਦੇ ਨਾਲ
## ਵਿਚਾਰ ਸੰਮੇਲਨ (THINK FEST)

### ਵਿਚਾਰ ਸੰਮੇਲਨ ਕਿਉਂ? (WHY THINK FEST)

ਅਸੀਂ ਅੱਜ ਆਪਣੇ ਘਰਾਂ ਵਿੱਚ, ਕੰਮਕਾਰ ਤੇ, ਕਿਸੇ ਵੀ ਵਿਆਹ-ਸ਼ਾਦੀ ਤੇ ਚਾਰ ਵਿਅਕਤੀ ਇਕੱਠੇ ਹੁੰਦੇ ਹਾਂ ਅਤੇ ਅਸੀਂ ਉਥੇ ਸਮਾਜ ਵਿੱਚ ਆ ਚੁਕੇ ਨਿਘਾਰ ਬਾਰੇ ਚਰਚਾ ਕਰਦੇ ਹਾਂ, ਪਰ ਆਪ ਅੱਗੇ ਆ ਕੇ ਅਤੇ ਇਸ ਦੀ ਜਿੰਮੇਵਾਰੀ ਸੰਭਾਲਣ ਤੋਂ ਇਹ ਕਹਿ ਕੇ ਪਿੱਛਾ ਛੁਡਾ ਲੈਂਦੇ ਹਾਂ ਕਿ ਇਹ ਮੇਰਾ ਕੰਮ ਨਹੀ, ਮੈਂ ਕਿਹੜਾ ਇਸ ਦੀ ਸਿਖਆ ਲਈ ਹੈ ਜਾਂ ਆਪਣੇ ਇਕੱਲੇ ਦੇ ਭਵਿੱਖ ਨੂੰ ਅੱਗੇ ਰੱਖਦਿਆਂ ਸਾਂਝੇ ਕਾਰਜਾਂ ਤੋਂ ਭੱਜ ਜਾਂਦੇ ਹਾਂ। ਬਹੁਤ ਸਾਰੇ ਲੋਕ ਮੈਂ ਕੀ? ਮੈਨੂੰਕੀ? ਕਹਿ ਕੇ ਪਿੱਛਾ ਛੁਡਾ ਲੈਂਦੇ ਹਨ। ਇਹੀ ਕਾਰਨ ਹੈ ਕਿ ਅੱਜ ਸਮਾਜ ਦੀ ਹਾਲਤ ਬੱਦ ਤੋਂ ਬੱਦ-ਤਰ ਹੁੰਦੀ ਜਾ ਰਹੀ ਹੈ।

ਕੀ ਅਸੀਂ ਸੋਚਦੇ ਹਾਂ ਵਾਤਾਵਰਣ ਬਾਰੇ? ਕੀ ਅਸੀਂ ਸੋਚਦੇ ਹਾਂ ਸਮਾਜ ਬਾਰੇ? ਕੀ ਅਸੀਂ ਸੋਚਦੇ ਹਾਂ ਕੌਮ ਦੇ ਭਵਿੱਖ ਬਾਰੇ? ਕੀ ਅਸੀਂ ਸੋਚਦੇ ਹਾਂ ਫੈਲ ਚੁਕੇ ਭ੍ਰਿਸ਼ਟਾਚਾਰ ਬਾਰੇ? ਕੀ ਅਸੀਂ ਸੋਚਦੇ ਹਾਂ ਆਪਣੇ ਵਿੱਦਿਅਕ ਢਾਂਚੇ ਬਾਰੇ? ਕੀ ਅਸੀਂ ਸੋਚਦੇ ਹਾਂ ਸਿਹਤ ਸਹੂਲਤਾਂ ਬਾਰੇ? ਕੀ ਅਸੀਂ ਸੋਚਦੇ ਹਾਂ ਪਾਣੀ ਪ੍ਰਦੂਸ਼ਿਤ ਹੋਣ ਬਾਰੇ? ਜਿਸ ਕਰਕੇ ਪੀਣ-ਯੋਗ ਘਟ ਰਿਹਾ ਹੈ, ਕੀ ਅਸੀਂ ਸੋਚਦੇ ਹਾਂ ਆਪਸੀ ਭਾਈਚਾਰੇ ਬਾਰੇ?, ਕੀ ਅਸੀਂ ਸੋਚਦੇ ਹਾਂ ਕਿਸੇ ਦੀ ਮਦਦ ਕਰਨ ਬਾਰੇ?।

ਕਿਉਂਕਿ ਸਾਨੂੰ ਇਸ ਤਰ੍ਹਾਂ ਸੋਚਣ ਲਈ ਤਿਆਰ ਹੀ ਨਹੀ ਕੀਤਾ ਗਿਆ ਪਰ ਅਸੀਂ ਆਪਣੀ ਆਉਣ ਵਾਲੀ ਪੀੜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦੇ ਫਲਸਫੇ ਮੁਤਾਬਕ ਕੁਝ ਸੋਚਣ ਲਈ, ਕੁਝ ਕਰਨ ਲਈ, ਇਕ ਸ਼ੁਰੂਆਤ ਕਰਨਾ ਚਾਹੁੰਦੇ ਹਾਂ ਤਾਂ ਕਿ ਸਾਡੇ ਨੌਜਵਾਨਾਂ ਦੀ ਭਵਿੱਖ ਦੀ ਤਿਆਰੀ ਹੋ ਸਕੇ।






ਅਕਾਲ ਪੁਰਖ ਕੀ ਫ਼ੌਜ
AKAAL PURKH KI FAUJ

# ਨੌਜਵਾਨਾਂ ਦੇ ਨਾਲ

## ਵਿਚਾਰ ਸੰਮੇਲਨ (THINK FEST)

Raising Sikhs of the Future

### ਵਿਚਾਰ ਸੰਮੇਲਨ (THINK FEST) ਵਿਚ ਕੀ ਹੋਵੇਗਾ

ਵਿਚਾਰ ਸੰਮੇਲਨ ਨੂੰ ਕਈ ਹਿੱਸਿਆਂ ਵਿਚ ਵੰਡਿਆ ਜਾਵੇਗਾ ਜੋ ਇਸ ਪ੍ਰਕਾਰ ਹਨ:-

1. ਆਰੰਭਿਕ ਸ਼ਬਦ (MISSION STATEMENT)
2. ਚਾਰ 20-20 ਮਿੰਟ ਦੇ ਵਿਸ਼ੇ ਜਿਨ੍ਹਾਂ ਤੇ 60-60 ਮਿੰਟ ਦੀ ਵਿਚਾਰ ਹੋਵੇਗੀ।
3. POWER TALK / IDEA SHARING / INSPIRING STORY BY PARTICIPANTS ON ANY TOPIC
4. RESPONSIBILITY ਜ਼ਿੰਮੇਵਾਰੀ

ਤੁਸੀਂ ਆਪਣੇ ਨੌਜਵਾਨ (ਬੱਚੇ) ਜਿਸਦੀ ਉਮਰ 16 ਤੋਂ 30 ਸਾਲ ਹੈ ਅਤੇ ਉਸਦੀ ਸੋਚਣ ਦੀ ਸ਼ਕਤੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹੋ ਤਾਂ ਉਸਨੂੰ ਵਿਚਾਰ ਸੰਮੇਲਨ (THINK FEST) ਵਿੱਚ ਹਿੱਸਾ ਦਵਾਉ ਅਤੇ ਆਪਣੇ ਸਕੂਲ, ਆਪਣੇ ਇਲਾਕੇ, ਆਪਣੇ ਦੋਸਤ, ਰਿਸ਼ਤੇਦਾਰਾਂ ਦੇ ਬੱਚੇ ਉਹਨਾਂ ਦਾ ਦਾਖਲਾ ਫਾਰਮ ਭਰ ਕੇ ਦਿਉ। ਦਾਖਲਾਫਾਰਮ ਮੰਗਵਾਉਣ ਲਈ 9814898802 ਤੇ THINK FEST ਲਿਖ ਕੇ WHATSAPP ਕਰੋ ਜੀ।

## ਤੁਸੀਂ ਵੱਖਰੀ ਸੋਚ ਰੱਖਦੇ ਹੋ ਇਸ ਲਈ ਤੁਸੀਂ ਪ੍ਰੇਰ ਸਕਦੇ ਹੋ।







1999-2024
ਅਕਾਲ ਪੁਰਖ ਕੀ ਫ਼ੌਜ
AKAAL PURKH KI FAUJ

# ਗਲਵੱਕੜੀ

## ਗਲਵੱਕੜੀ ਕੀ ਹੈ?

ਸਮਾਜ ਅਤੇ ਮਾਤਾ ਪਿਤਾ ਦੇ ਅਵੇਸਲੇਪਣ ਕਰਕੇ ਆਪਣੇ ਮਾਣਮੱਤੇ ਵਿਰਸੇ ਨੂੰ ਅਗਿਆਨਤਾ ਵੱਸ ਪਿੱਠ ਦੇ ਚੁੱਕੇ ਨੌਜਵਾਨ ਜੋ ਕਿ ਪਤਿਤ-ਪੁਣੇ ਦੇ ਹੜ੍ਹ 'ਚ ਵਹਿ ਕੇ ਜਾਂ ਨਸ਼ਿਆਂ ਦੀ ਦਲਦਲ ਵਿਚ ਫੱਸ ਚੁੱਕੇ ਹਨ, ਉਨ੍ਹਾਂ ਦੀ ਘਰ ਵਾਪਸੀ ਅਤੇ ਪੰਥ ਵਿਚ ਸ਼ਮੂਲੀਅਤ ਲਈ ਅਕਾਲ ਪੁਰਖ ਕੀ ਫ਼ੌਜ ਵੱਲੋਂ ਸ਼ੁਰੂ ਕੀਤਾ ਗਿਆ ਇਕ ਉਪਰਾਲਾ ਹੈ।

**ਗਲਵੱਕੜੀ ਕਿਉਂ?**

ਆਪਣੇ ਪਰਿਵਾਰ ਦੀਆਂ ਖੁਸ਼ੀਆਂ ਖੇੜੇ ਨੂੰ ਪੂਰੀ ਤਰ੍ਹਾਂ ਮਾਨਣ ਅਤੇ ਪੰਥਕ ਸ਼ਕਤੀ ਨੂੰ ਸੰਗਠਿਤ ਕਰਨ ਲਈ ਇਹ ਪ੍ਰੋਜੈਕਟ ਸਮੇਂ ਦੀ ਲੋੜ ਹੈ। ਪਿਛਲੇ ਲੰਬੇ ਸਮੇਂ ਤੋਂ ਕੌਮ ਦੇ ਵਾਰਸਾਂ ਨੂੰ ਸਹਿਜ ਰੂਪ ਵਿੱਚ ਕੁਰਾਹੇ ਪੈਂਦੇ ਦੇਖ ਦਰਦ ਦੀਆਂ ਭਾਵਨਾਵਾਂ ਦੇ ਵੇਗ ਵਿਚੋਂ ਪੈਦਾ ਹੋਇਆ ਇਹ ਕਾਰਜ ਸਾਡੀ ਸਭ ਦੀ ਸਾਂਝੀ ਪ੍ਰਮੁੱਖਤਾ ਹੈ। ਇਹ ਸੱਚ ਹੈ ਕਿ ਅਸੀਂ ਦਿਲ ਦੀਆਂ ਡੂੰਘਾਈਆਂ ਤੋਂ ਸਿੱਖੀ ਦੇ ਭਵਿੱਖ ਲਈ ਚਿੰਤਤ ਹਾਂ ਅਤੇ ਇਸ ਸਬੰਧੀ ਹਰ ਤਰ੍ਹਾਂ ਦੇ ਸਾਰਥਕ ਵਿਚਾਰਾਂ ਨੂੰ ਜੀ ਆਇਆਂ ਕਹਿੰਦੇ ਹਾਂ। ਇਸ ਲਈ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸਾਰੇ ਮਿਲ ਕੇ ਮਿਹਨਤ ਕਰੀਏ ਅਤੇ ਆਪਣੀਆਂ ਕੌਮੀ ਸਮੱਸਿਆਵਾਂ ਦਾ ਹੱਲ ਲੱਭੀਏ।

**ਕਿਵੇਂ ?**

ਗਲਵਕੜੀ ਪ੍ਰੋਜੈਕਟ ਲਈ 5-5 ਮੈਂਬਰਾਂ ਦੀਆਂ 500 ਟੀਮਾਂ ਵੱਲੋਂ ਇੱਕ ਸਾਲ ਵਿੱਚ ਪਹਿਲੇ ਚਰਨ 'ਚ ਪੰਜਾਬ ਦੇ 50,000 ਪਰਿਵਾਰਾਂ ਤੱਕ ਪਹੁੰਚ ਕੀਤੀ ਜਾਵੇਗੀ। ਹਰ ਟੀਮ ਇੱਕ ਸਾਲ ਵਿੱਚ 100 ਪਰਿਵਾਰਾਂ ਤੱਕ ਪਹੁੰਚ ਕਰੇਗੀ।
500 ਟੀਮਾਂ ਨੂੰ ਪ੍ਰੋਜੈਕਟ 'ਤੇ ਭੇਜਣ ਤੋਂ ਪਹਿਲਾਂ ਅਤੇ ਪ੍ਰੋਜੈਕਟ ਦੌਰਾਨ ਤਕਨੀਕੀ, ਵਿਦਅਕ ਅਤੇ ਸਮਾਜਿਕ ਵਰਤੋਂ ਵਿਹਾਰ ਦੀ ਟ੍ਰੇਨਿੰਗ ਅਤੇ ਸਹਾਇਤਾ ਦਿੱਤੀ ਜਾਵੇਗੀ।
ਹਰੇਕ ਪਰਿਵਾਰ ਨਾਲ ਜ਼ਮੀਨੀ ਪੱਧਰ 'ਤੇ ਕੀਤੀ ਜਾਣ ਵਾਲੀ ਗੱਲਬਾਤ ਰਿਕਾਰਡ ਕੀਤੀ ਜਾਵੇਗੀ, ਜੋ ਕਿ ਭਵਿੱਖ ਦੇ ਫੈਸਲੇ ਲੈਣ ਵਿਚ ਸਹਾਇਕ ਹੋਵੇਗੀ।
ਜਿਹੜੇ ਪਰਿਵਾਰਾਂ ਦੀ ਮੁਹਿੰਮ ਦਾ ਹਿੱਸਾ ਬਣਨ ਦੀ ਇੱਛਾ ਹੋਵੇਗੀ, ਉਨ੍ਹਾ ਨੂੰ ਜ਼ਿਲ੍ਹਾ ਅਤੇ ਜ਼ੋਨਲ ਪੱਧਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਕੀਤਾ ਜਾਵੇਗਾ।

# ਸਾਡਾ ਵਿਰਸਾ ਸਾਡਾ ਪਰਿਵਾਰ




ਅਕਾਲ ਪੁਰਖ ਕੀ ਫੌਜ ਜੱਥੇਬੰਦੀ ਵਲੋਂ ਇਸ ਪ੍ਰੋਗਰਾਮ ਰਾਹੀਂ ਸਤਿਗੁਰੂ ਨਾਨਕ ਜੀ ਤੋਂ ਵਰਸੋਏ ਹੋਏ ਸਿੱਖ ਧਰਮ ਜਿਸ ਦੇ ਗੁਰਮੁੱਖ ਗਾਡੀ ਰਾਹ ਤੇ ਚਲਦਿਆਂ ਹੋਇਆਂ ਗੁਰੂ ਸਾਹਿਬਾਨ ਅਤੇ ਗੁਰੂ ਪਿਆਰਿਆਂ ਨੇ ਬੇਅੰਤ ਕੁਰਬਾਨੀਆਂ ਦਿੱਤੀਆਂ। ਉਹਨਾਂ ਮਹਾਨ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਦਿਆਂ ਹੋਇਆਂ ਅਕਾਲ ਪੁਰਖ਼ ਕੀ ਫ਼ੌਜ ਵੱਲੋਂ ਹਰ ਸਾਲ **25 ਦਿਸੰਬਰ ਨੂੰ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ "ਸਾਡਾ ਵਿਰਸਾ ਸਾਡਾ ਪਰਿਵਾਰ" ਪ੍ਰੋਗਰਾਮ ਕਰਵਾਇਆ ਜਾਂਦਾ ਹੈ।** ਅਜੌਕੇ ਸਮੇਂ ਅੰਦਰ ਸਿੱਖ ਨੌਜਵਾਨਾਂ ਨੂੰ ਉਹਨਾਂ ਦੇ ਅਮੀਰ ਵਿਰਸੇ ਅਤੇ ਸ਼ਾਨਾਂਮੱਤੇ ਇਤਿਹਾਸ ਨਾਲ ਜੋੜਣ ਲਈ ਭੁਜੰਗੀ ਖਾਲਸਾ ਮੁਕਾਬਲਾ, ਦਸਤਾਰ ਮੁਕਾਬਲਾ, ਕਵਿਤਾ ਮੁਕਾਬਲਾ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਉਪਰਾਲੇ ਦੇ ਬਹੁਤ ਸਾਰਥਕ ਨਤੀਜੇ ਸਾਹਮਣੇ ਆਏ ਹਨ।







www.apkf.org

# ਵੰਡ ਛੱਕੋ

ਗੁਰੂ ਨਾਨਕ ਸਾਹਿਬ ਦੀਆਂ ਅਸੀਸਾਂ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਵਿੱਚ ਬਹੁਤ ਡੂੰਘਾ ਸਿਧਾਂਤ ਹੈ। ਮਿਹਨਤ ਨਾਲ ਕਮਾਈ ਕਰਨੀ ਤੇ ਨਾਮ ਜਪਦੇ ਭਾਵ ਬਾਣੀ ਅਨੁਸਾਰ ਚੱਲਦੇ ਆਪਣੇ ਆਲੇ ਦੁਆਲੇ ਲੋੜਵੰਦਾਂ ਨਾਲ ਵੰਡ ਲੈਣ ਤੇ ਅਨੰਤ ਬਖ਼ਸ਼ੀਸ਼ਾਂ ਨਾਲ ਝੋਲੀ ਭਰ ਜਾਂਦੀ ਹੈ।

ਹਰ ਰੋਜ਼ ਅਨੇਕਾਂ ਕਾਮੇ ਰਿਕਸ਼ਾ ਚਲਾਉਣ ਵਾਲੇ, ਫ਼ੈਕਟਰੀਆਂ ਵਿੱਚ ਕੰਮ ਕਰਨ ਵਾਲੇ ਅਤੇ ਦਿਹਾੜੀ ਕਰਕੇ ਗੁਜ਼ਾਰਾ ਕਰਨ ਵਾਲੇ ਜਦੋ ਸਵੇਰੇ ਘਰੋਂ ਚੱਲਦੇ ਹਨ ਤਾਂ ਪਤਾ ਨਹੀਂ ਹੁੰਦਾ ਕੇ ਕੰਮ ਮਿਲੇਗਾ ਕਿ ਨਹੀ , ਪ੍ਰਸ਼ਾਦੇ ਘਰੋਂ ਲੈ ਆਉਂਦੇ ਪਤਾ ਨਹੀਂ ਦਾਲ ਸਬਜ਼ੀ ਨਸੀਬ ਹੋਵੇਗੀ ਤੇ ਦੂਸਰੇ ਪਾਸੇ ਅਸੀ ਰੋਜ਼ ਆਪਣੇ ਘਰਾਂ/ਪ੍ਰੋਗਰਮਾਂ/ਵਿਆਹਾਂ/ਪਾਰਟੀਆਂ ਤੇ ਕਿਨ੍ਹਾ ਅਨਾਜ ਜਾਇਆ ਕਰ ਦੇਂਦੇ ਹਾਂ। ਇਸੇ ਪ੍ਰਕਾਰ ਹੋਰ ਸਮਾਨ ਜਿਵੇਂ ਕੱਪੜੇ ਆਦਿ। ਪਰ ਜੇ ਹਿੰਮਤ ਕਰਕੇ ਅਨਾਜ ਜਾਇਆ ਹੋਣ ਤੋ ਬਚਾਅ ਕਿ ਲੋੜਵੰਦ ਤੱਕ ਪਹੁੰਚਾਈਏ ਤੇ ਭਲਾ ਹੀ ਭਲਾ। ਸ਼ੁਰੂਆਤੀ ਤੌਰ ਤੇ ਅਸੀ ਇਕ experiment ਦੇ ਤੌਰ ਤੇ ਇੱਕ ਗੱਡੀ ਤਿਆਰ ਕੀਤੀ ਉਸ ਉੱਪਰ ਪਾਣੀ ਦੀ ਟੈਂਕੀ ਲਾਈ ਤੇ ੩੦ ਘਰਾਂ ਨੂੰ ਨਾਲ ਲਿਆ ਤੇ ਰੋਜ਼ ਇੱਕ ਘਰ ਨੂੰ ਸਬਜ਼ੀ/ਦਾਲ ਬਣਾਕੇ ਲਿਆਉਣ ਨੂੰ ਕਿਹਾ, ਬੱਸ ਸ਼ੁਰੂ ਹੋ ਗਿਆ ਵੰਡ ਛਕੋ ਰੋਜ਼ ਰਿਕਸ਼ੇ ਵਾਲੇ ਮਜ਼ਦੂਰ ਅਤੇ ਹੋਰ ਕਾਮੇ ਤਕਰੀਬਨ ੧੦੦/੧੨੫ ਦੀ ਗਿਣਤੀ ਵਿੱਚ ਸੇਵਾ ਦਾ ਲਾਹਾ ਲੈ ਰਹੇ ਹਨ। ਅੱਜ ਤਕਰੀਬਨ ਢਾਈ ਸਾਲ ਤੋਂ ਸੇਵਾ ਨਿਰੰਤਰ ਜਾਰੀ ਹੈ।

**ਆਓ ਰਲ ਕੇ ਥਾਂ-ਥਾਂ ਸੇਵਾ ਸ਼ੁਰੂ ਕਰੀਏ ਵੰਡ ਛਕੋ ਹਾਟ ਬਣਾਈਏ ਜਿੱਥੇ ਲੋੜਵੰਦ ਦੀ ਮਦਦ ਹੋ ਜਾਏ**
**ਵੰਡ ਛਕੋ ਰਾਹੀ ਅਸੀਸਾਂ ਦੇ ਪਾਤਰ ਬਣੀਏ**












# ਹੜ੍ਹ ਪ੍ਰਭਾਵਿਤ ਪਿੰਡਾਂ ਦੀ ਮੂੰਹ ਬੋਲਦੀ ਤਸਵੀਰ

ਅੱਜ ਪਿੰਡ ਧੀਰਾ ਘਾਰਾ (ਫ਼ਿਰੋਜ਼ਪੁਰ) ਹੜ ਪੀੜਤਾਂ ਲਈ ਕੰਮ ਕਰਦਿਆਂ ਇਕ ਪਿਆਰੀ ਬੱਚੀ ਅਮ੍ਰਿਤਜੋਤ ਕੋਰ ਅੱਠਵੀਂ ਜਮਾਤ ਦੀ ਵਿਦਿਆਰਥਣ ਨੇ ਅਕਾਲ ਪੁਰਖ ਕੀ ਫ਼ੌਜ ਦੀ ਟੀਮ ਨੂੰ ਸਮਰਪਿਤ ਇਕ ਚਿੱਤਰ ਬਣਾ ਕੇ ਦਿੱਤਾ। ਬੱਚੇ ਨੇ ਜੋ ਦੇਖਿਆ ਉਹ ਕਾਗਜ਼ ਤੇ ਉੱਕਰ ਦਿੱਤਾ। ਇਸ ਤੋਂ ਵੱਧ ਹੋਰ ਕੀ ਸਨੇਹ ਹੋ ਸਕਦਾ ਹੈ। ਸਾਰੀ ਟੀਮ ਜੋ ਗੁਰੂ ਪੰਥ ਨੂੰ ਸਮਰਪਿਤ ਹੈ ਇਹ ਉਸ ਲਈ ਸਨਮਾਨ ਹੈ।

ਆਓ ਰਲ ਕੇ ਆਪਣਿਆਂ ਦੀ ਬਾਂਹ ਫੜੀਏ ਤੁਹਾਡੀ ਛੋਟੀ ਜਿਹੀ ਪਹਿਲ ਸਭ ਕੁਝ ਬਦਲ ਸਕਦੀ ਹੈ। ਕਿਸੇ ਦੇ ਮੂੰਹ ਤੋਂ ਦੁੱਖ ਦੂਰ ਕੀਤਾ ਜਾ ਸਕਦਾ ਹੈ। ਇਹ ਚਿੱਤਰ ਨੇ ਉਤਸ਼ਾਹ ਦੁਗਣਾ ਕਰ ਦਿੱਤਾ



# SAHEB Docter Fourm
# ਮੈਡੀਕਲ ਸਹਾਇਤਾ

ਭਾਵੇਂ ਪਿਛਲੇ ਸਮੇਂ ਵਿੱਚ ਵੱਖ-ਵੱਖ ਢੰਗ ਨਾਲ ਮੈਡੀਕਲ ਸਹਾਇਤਾ ਦਾ ਪ੍ਰੋਗਰਾਮ ਚੱਲ ਰਿਹਾ ਸੀ ਪਰ ਪੰਜਾਬ ਵਿੱਚ ਆਏ ਹੜਾਂ ਦੌਰਾਨ ਘੱਟ ਮਿਹਨਤ ਨਾਲ ਵੱਧ ਨਤੀਜੇ ਲੈਣ ਲਈ **CILINC ON WHEELS** ਬਣਾਈ ਗਈ ਜਿਸ ਰਾਹੀ 60 ਦਿਨਾਂ ਵਿੱਚ ਹਜ਼ਾਰਾਂ ਮਰੀਜ਼ਾਂ ਨੂੰ ਦਵਾਈਆਂ ਤੇ ਲੋੜੀਂਦੀ ਸਹਾਇਤਾ ਕੀਤੀ ਗਈ। ਅੱਗੋਂ **CILINC ON WHEELS** ਨੂੰ ਜਾਰੀ ਰੱਖਣ ਤੇ ਅੱਗੇ ਵਧਾਉਣ ਦਾ ਉਪਰਾਲਾ ਜਾਰੀ ਹੈ।

ਸਾਨੂੰ ਐਸੇ ਹਸਪਤਾਲ ਬਨਾਉਣ ਦੀ ਲੋੜ ਹੈ ਜਿੱਥੇ ਹਰ ਤਰ੍ਹਾਂ ਦੀ ਸਹੂਲਤ ਤੇ ਖਰਚਾ ਨਾ ਮਾਤਰ ਹੋਵੇ ਅਤੇ ਸੰਸਾਰ ਭਰ ਦੇ ਵੱਡੇ ਡਾਕਟਰਾਂ ਨੂੰ ਬੁਲਵਾ ਕੇ ਸਮੇਂ ਸਮੇਂ ਸਿਰ ਉਨ੍ਹਾਂ ਦੀਆਂ ਮਹਾਰਤ ਰਾਹੀਂ ਮਰੀਜਾਂ ਦੀ ਮਦਦ ਹੋ ਸਕੇ।








www.apkf.org



84377 83377 | 9216 222 000

# SAHIB LIFE DROPS

ਗੁਰੂ ਕਾ ਸਿੱਖ ਅਕਾਲ ਪੁਰਖ ਅੱਗੇ ਰੋਜ਼ਾਨਾ ਆਪਣੀ ਅਰਦਾਸ ਵਿੱਚ ਸਰਬੱਤ ਦੇ ਭਲੇ ਲਈ ਬੇਨਤੀ ਜੋਦੜੀ ਕਰਦਾ ਹੈ। ਆਪਣੇ ਪੰਥਕ ਬੋਲੇ 'ਪੰਥ ਕੀ ਜੀਤ' ਨੂੰ ਦ੍ਰਿੜ੍ਹ ਕਰਦਿਆਂ ਧਾਰਮਿਕ ਰਹੁ-ਰੀਤਾਂ ਅਨੁਸਾਰ ਸਿੱਖ ਲੰਗਰ ਘਰ, ਜੋੜੇ ਘਰ, ਵਿਦਅਕ ਸੰਸਥਾਵਾਂ, ਸਿਹਤ ਖੇਤਰਾਂ ਤੋਂ ਇਲਾਵਾ ਅਨੇਕਾਂ ਖੇਤਰਾਂ ਵਿੱਚ ਪੰਥਕ ਸੇਵਾਵਾਂ ਨਿਭਾ ਕੇ ਆਪਣੇ ਗੁਰੂ ਦੇ ਹੁਕਮਾਂ ਅਨੁਸਾਰ ਜੀਵਨ ਜੀਉਣ ਲਈ ਯਤਨਸ਼ੀਲ ਹੈ। ਗੁਰੂ ਹੁਕਮ ਅਨੁਸਾਰ ਜਿਥੇ ਪੰਥਕ ਸੇਵਾਵਾਂ ਦਾ ਮਹੱਤਵ ਹੈ ਉੱਥੇ ਸਰੀਰਕ ਸੇਵਾ ਰਾਹੀਂ ਸਮਾਜ ਦੀ ਸੇਵਾ ਦਾ ਅਤਿ ਉੱਤਮ ਮਹੱਤਵ ਹੈ। ਸਰੀਰਕ ਸੇਵਾ ਵਿਚ ਜੇਕਰ ਤਨ-ਮਨ ਦੀ ਸੇਵਾ ਦੇ ਨਾਲ ਨਾਲ ਅਜੋਕੇ ਸਮੇਂ ਦੀ ਮੁੱਖ ਲੋੜ ਖ਼ੂਨ ਦਾਨ, ਅੰਗ ਦਾਨ ਅਤੇ ਨੇਤ੍ਰ ਦਾਨ ਦੀ ਸੇਵਾ ਵੀ ਸ਼ਾਮਿਲ ਕਰ ਦਿਤੀ ਜਾਵੇ ਤਾਂ ਸੋਨੇ ਤੇ ਸੁਹਾਗਾ ਹੋ ਨਿਬੜੇ।

ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਇੰਨੇ ਅਮੀਰ ਕੌਮੀ ਵਿਰਸੇ ਦੇ ਵਾਰਿਸ ਹਾਂ ਕਿ ਸਾਡੇ ਪੰਥ ਦੇ ਜਨਮ-ਦਾਤਿਆਂ ਨੇ ਮਾਨਵਤਾ ਦੀ ਭਲਾਈ ਲਈ ਆਪਣਾ ਆਪ ਕੁਰਬਾਨ ਕਰ ਸਾਡੇ ਲਈ ਖ਼ੁਦ ਇੱਕ ਮਿਸਾਲ ਪੇਸ਼ ਕੀਤੀ। ਗੁਰੂ ਖ਼ਾਲਸਾਪੰਥ ਵਿੱਚ ਵਿਸ਼ਵਾਸ ਰੱਖਣ ਵਾਲੇ ਗੁਰੂ ਪਿਆਰਿਆਂ ਨੂੰ ਐਸੀ ਗੁੜ੍ਹਤੀ ਦੇ ਦਿੱਤੀ ਕਿ ਇਹ ਕੌਮੀ ਪਰਵਾਨੇ ਬੰਦ ਬੰਦ ਕਟਵਾ, ਆਪਣੇ ਬੱਚਿਆਂ ਦੇ ਟੋਟੇ ਗਲਾਂ ਵਿੱਚ ਪਵਾ, ਕਿਸੇ ਘਰ ਦੀ ਇਜ਼ਤ ਆਬਰੂ ਲਈ ਆਪਣੇ ਖ਼ੂਨ ਦਾ ਆਖ਼ਰੀ ਕਤਰਾ ਤੱਕ ਵਹਾ ਦੇਣਾ ਆਪਣਾ ਸੁਭਾਗ ਸਮਝਦੇ ਰਹੇ।

**ਖ਼ੂਨ ਦੇ ਕੇ ਲਾਜ ਰੱਖਣੀ, ਇਹ ਹੈ ਈਮਾਨ ਸਾਡਾ,**
**ਸਦਾ ਰਹੇ ਝੂਲਦਾ, ਖਾਲਸਾਈ ਨੀਸ਼ਾਨ ਸਾਡਾ**








# ਸਰਕਾਰੀ/ਗੈਰ ਸਰਕਾਰੀ ਸਕੀਮਾਂ ਲੋੜਵੰਦਾ ਤੱਕ

ਸਾਡੇ ਆਸ ਪਾਸ ਬਹੁਤ ਸਾਰੇ ਐਸੇ ਲੋਕ ਹਨ ਜਿਨ੍ਹਾਂ ਦਾ ਜੀਵਨ ਪੱਧਰ ਬਹੁਤ ਵਧੀਆ ਨਹੀ ਹੈ। ਕੋਈ ਬੱਚਿਆ ਨੂੰ ਪੜਾਉਣ ਲਈ ਝੂਜ ਰਿਹਾ ਹੈ, ਕੋਈ ਇਲਾਜ ਲਈ ਗੁਹਾਰ ਲਗਾ ਰਿਹਾ ਹੈ, ਕੋਈ ਰੋਟੀ ਲਈ ਤਰਸ ਰਿਹਾ ਹੈ ਆਦਿ।

ਬਹੁਤ ਸਾਰੀਆਂ ਸਰਕਾਰੀ ਸਕੀਮਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਆਮ ਲੋਕਾਂ ਦੀ ਸਹੂਲਤ ਲਈ ਹਨ ਤੇ ਉਹਨਾਂ ਦੀ ਛੋਟੀ-ਛੋਟੀ ਮਦਦ ਵੀ ਹੋ ਜਾਂਦੀ ਹੈ। ਬਹੁਤ ਸਾਰੀਆਂ ਗੈਰ ਸਰਕਾਰੀ ਸੰਸਥਾਵਾਂ ਵੀ ਲੋਕਾਂ ਲਈ ਉਪਰਾਲੇ ਕਰਦੀਆਂ ਰਹਿੰਦਿਆਂ ਹਨ।

ਪਰ ਜਰੂਰਤਮੰਦਤ ਤੇ ਦੇਣ ਵਾਲੇ ਦਾ ਆਪਸ ਵਿਚ ਸੰਪਰਕ ਨਹੀ ਹੋ ਪਾਉਂਦਾ ਜੋ ਕਰਵਾਇਆ ਜ ਸਕਦਾ ਹੈ।
ਆਉ ਇਸ ਤੇ ਕੰਮ ਕਰੀਏ।

# ਗੁਰਮਤਿ ਸਿਰਜਣਾ ਕੈਂਪ

### ਘਾੜਤ ਕੌਮ ਦੇ ਭਵਿਖ ਦੀ

## ਸਿਰਜਣਾ ਕੈਂਪ ਦੀ ਲੋੜ ਕਿਉਂ ?

ਅਜੋਕੇ ਸਮੇਂ ਅੰਦਰ ਬੱਚਿਆਂ ਉੱਪਰ ਪੜ੍ਹਾਈ ਦਾ ਬੋਝ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚੇ ਆਪਣੇ ਰੁਟੀਨ ਪੜ੍ਹਾਈ ਦੇ ਬੋਝ ਤੋਂ ਛੁਟਕਾਰਾ ਪਾਉਂਦੇ ਹਨ ਅਤੇ ਆਪਣੀਆਂ ਮਨਪਸੰਦ ਖੇਡਾਂ ਅਤੇ ਹੋਰ ਕੈਂਪਾਂ ਵਿਚ ਸਮਾਂ ਗੁਜ਼ਾਰ ਕੇ ਆਪਣੀਆਂ ਛੁੱਟੀਆਂ ਬਤੀਤ ਕਰਦੇ ਹਨ। ਅਕਾਲ ਪੁਰਖ ਕੀ ਫੌਜ ਵਲੋਂ ਇਨ੍ਹਾਂ ਛੁੱਟੀਆਂ ਦੇ ਦਿਨਾਂ ਨੂੰ ਸਾਰਥਕ ਕਰਨ ਲਈ ਬੱਚਿਆਂ ਨੂੰ ਜੀਵਨ ਸੇਧ ਦੇਣ ਲਈ ਇਹ ਕੈਂਪ ਜਿਨ੍ਹਾਂ ਵਿਚ ਗੁਰਮਤਿ ਤੋਂ ਇਲਾਵਾ ਚੰਗੇ ਆਚਰਣ ਸਬੰਧੀ, ਬੱਚਿਆਂ ਅੰਦਰ ਸਦਗੁਣਾਂ ਨੂੰ ਪੈਦਾ ਕਰਨ ਅਤੇ ਉਨ੍ਹਾਂ ਦੀ ਦਿੱਖ ਨੂੰ ਹਰ ਪੱਖੋਂ ਸੰਵਾਰਨ ਦਾ ਯਤਨ ਕਰਦੇ ਹਾਂ।

ਗੁਰਦੁਆਰੇ ਦੇ ਪ੍ਰਬੰਧਕਾਂ ਲਈ

ਮਾਤਾ-ਪਿਤਾ ਲਈ ਇਨ੍ਹਾਂ ਕੈਂਪਾਂ ਵਿਚ ਆਪਣੇ ਬੱਚਿਆਂ ਨੂੰ ਚੰਗੇ ਨਾਗਰਿਕ ਬਨਾਉਣ ਲਈ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸਮੇਂ ਸਿਰ ਭੇਜੋ ।

ਜੇਕਰ ਤੁਸੀਂ ਆਪਣੇ ਗੁਰਦੁਆਰਾ ਜਾਂ ਇਲਾਕੇ ਵਿਚ ਕੈਂਪ ਲਗਾਉਣਾ ਚਾਹੁੰਦੇ ਹੋ ਤਾਂ 20 ਬੱਚਿਆਂ ਦੀ ਲਿਸਟ ਬਣਾ ਕੇ ਪ੍ਰਬੰਧਕਾਂ ਨੂੰ ਸਮੇਂ ਸਿਰ ਸੂਚਿਤ ਕਰੋ।

ਪਤਵੰਤੇ ਸੱਜਣਾਂ ਨੂੰ ਅਪੀਲ ਕੋਈ ਵੀ ਵੀਰ/ਭੈਣ, ਰਿਟਾਇਰਡ ਵਿਅਕਤੀ, ਇਨ੍ਹਾਂ ਕੈਂਪਾਂ ਵਿਚ ਸੇਵਾ ਕਰਨੀ ਚਾਹੁੰਦਾ ਹੋਵੇ ਤਾਂ ਉਹ ਜਰੂਰ ਸੰਪਰਕ ਕਰੇ।

ਇਨ੍ਹਾਂ ਕੈਂਪਾਂ ਵਿਚ ਚੁਣੇ ਹੋਏ ਬੱਚਿਆਂ ਨੂੰ ਆਕਰਸ਼ਕ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜਿਹੜੇ ਬੱਚੇ ਕੈਂਪਾਂ ਦੌਰਾਨ ਵਧੀਆ ਪ੍ਰਦਰਸ਼ਨ ਕਰਨਗੇ, ਉਨ੍ਹਾਂ ਨੂੰ ਅਗਲੇ ਕੈਂਪਾਂ ਵਿਚ ਭੇਜਿਆ ਜਾਵੇਗਾ।







# ਗੁਰਮਤਿ ਸਿਰਜਣਾ ਕੈਂਪ

## ਘਾੜਤ ਕੌਮ ਦੇ ਭਵਿਖ ਦੀ

### ਅਸੀ ਆਪਣੇ ਬੱਚਿਆਂ ਨੂੰ ਗੁਰਮਤਿ ਕੈਂਪ ਵਿਚ ਕਿਉਂ ਭੇਜਣਾ ਹੈ।

ਗੁਰਮਤਿ ਕੈਂਪ ਦੀਆਂ ਵਿਸ਼ੇਸ਼ਤਾਵਾਂ –
ਦਸ ਦਿਨਾਂ ਕੈਂਪ ਵਿਚ ਨਿਤਨੇਮੀ ਬਨਾਉਣ ਦਾ ਯਤਨ।
ਜਪੁਜੀ ਸਾਹਿਬ ਕੰਠ ਕਰਵਾਉਣ ਦਾ ਯਤਨ।
ਕੈਂਪ ਵਿਚ ਗੁਰਮਤਿ ਅਨੁਸਾਰ ਆਕਰਸ਼ਕ ਖੇਡਾਂ।
ਮਨੋਹਰ ਸਚਿਆਰ ਸ਼ਖਸੀਅਤ ਉਸਾਰੀ ਲਈ ਯਤਨ।
ਇਕ ਚੰਗੇ ਗੁਰਸਿੱਖੀ ਅਨੁਸਾਰ ਘਾੜਤ ਘੜਨ ਦਾ ਯਤਨ ।
ਕੈਂਪ ਵਿਚ ਨਸ਼ਿਆਂ ਪ੍ਰਤੀ ਜਾਗਰੂਕਤਾ ।
ਚੰਗੇ ਬੱਚੇ ਬਣਨ ਲਈ ਜਿੰਮੇਵਾਰੀ ਦੀ ਜਾਗਰੂਕਤਾ ।
ਕੈਂਪ ਵਿਚ ਨਸ਼ਿਆ ਪ੍ਰਤੀ ਜਾਗਰੂਕਤਾ ।
ਕਰਮਕਾਂਡ (ਸੰਸਾਰਕ ਕੁਰੀਤੀਆਂ) ਤੋਂ ਬਚਣ ਲਈ (ਸਿੱਖ ਰਹਿਤ ਮਰਿਆਦਾ ਦੀ ਜਾਣਕਾਰੀ) ।
ਕੈਂਪ ਵਿਚ ਸਿੱਖ-ਇਤਿਹਾਸ, ਗੁਰ-ਇਤਿਹਾਸ ਦੀ ਜਾਣਕਾਰੀ ।
ਵੰਡ ਕੇ ਛਕਣਾ, ਪ੍ਰਸਪਰ ਪਿਆਰ ਨਾਲ ਰਹਿਣ ਦੀ ਭਾਵਨਾ ।
ਸੈਲਫ ਸਟੱਡੀ ਅਤੇ ਉਜਲ ਭਵਿੱਖ ਦੀ ਤਿਆਰੀ ।
ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਵਾਤਾਵਰਣ ਬਚਾਓ ਸਬੰਧੀ ਜਾਣਕਾਰੀ ।







# ਦਸਤਾਰ ਸਵੈ-ਮਾਣ ਲਹਿਰ
# (ਸਾਬਤ ਸੂਰਤਿ ਦਸਤਾਰ ਸਿਰਾ)

ਸਾਬਿਜ਼ਾਦਿਆਂ ਦੀ ਸ਼ਹਾਦਤ ਧਰਮ ਦੀ ਖਾਤਰ ਸੀ ਅਤੇ ਸਿੱਖ ਧਰਮ ਬਾਹਰੀ ਰੂਪ ਵਿਚ ਦਸਤਾਰ ਅਤੇ ਕੇਸਾਂ ਨਾਲ ਪਹਿਚਾਣਿਆਂ ਜਾਂਦਾ ਹੈ। ਅਸੀਂ ਆਪਣੀ ਪਹਿਚਾਣ ਗਵਾ ਰਹੇ ਹਾਂ, ਸੋ ਸਾਡਾ ਇਕੋ-ਇਕੋ ਟੀਚਾ ਹੈ ਕਿ ਦਸਤਾਰ ਅਤੇ ਕੇਸਾਂ ਦੀ ਸ਼ਾਨ ਸਵੈ-ਮਾਣ ਵਜੋਂ ਉਭਰ ਕੇ ਸਾਹਮਣੇ ਆਵੇ, ਇਸ ਲਈ ਦਸਤਾਰ ਸਵੈ-ਮਾਣ ਲਹਿਰ ਗੁਰੂ ਖਾਲਸਾ ਪੰਥ ਦੇ ਸੇਵਕਾਂ ਵਲੋਂ ਉਲੀਕਿਆ ਇਕ ਨਿਮਾਣਾ ਜਿਹਾ ਉਪਰਾਲਾ ਹੈ ।
ਇਸ ਲਹਿਰ ਤਹਿਤ ਕੁਝ ਹੇਠ ਲਿਖੇ ਪ੍ਰੋਗਰਾਮ ਕੌਮੀ ਪੱਧਰ ਉਪਰ ਸਾਂਝੇ ਯਤਨਾਂ ਰਾਹੀਂ ਕੀਤੇ ਜਾਣਗੇ :

## 1. ਕੌਮੀ ਦਸਤਾਰਬੰਦੀ ਸਮਾਗਮ

**ਕਿਉਂ :-**

ਦਸਤਾਰ ਨੂੰ ਸਜਾਉਣ ਦੇ ਲਈ ਆਮ ਤੌਰ ਤੇ ਘਰਾਂ/ਗੁਰਦੁਆਰਿਆਂ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕਰਕੇ ਸਜਣ ਸਨੇਹੀ ਮਿਤਰਾਂ ਨੂੰ ਇਕਠਿਆਂ ਕਰ ਸਮਾਗਮ ਰਚਿਆਂ ਜਾਂਦਾ ਸੀ । ਪਰ ਹੌਲੀ-ਹੌਲੀ ਇਹ ਸਮਾਗਮ ਜਾਂ ਤਾਂ ਖਤਮ ਹੋ ਗਏ ਕਿਉਂਕਿ ਜੇਕਰ ਦਸਤਾਰ ਪਿਤਾ ਦੇ ਸਿਰ ਤੇ ਨਹੀ ਤਾਂ ਬੱਚੇ ਨੂੰ ਕਿਥੋਂ ਦੇਵੇਗਾ ਜਾਂ ਇਹ ਸਮਾਗਮ ਹੁੰਦਾ ਵੀ ਹੈ ਤੇ ਸਵੇਰੇ ਬੱਚੇ ਸਿਰ ਤੇ ਦਸਤਾਰ ਸਜਾਈ ਜਾਣ ਦੀ ਰਸਮ ਕੀਤੀ, ਤਾਂ ਜਦੋ ਉਹੀ ਬੱਚਾ ਬਾਅਦ ਵਿਚ ਆਪਣੇ ਵਡਿਆਂ ਨੂੰ ਸਮਾਗਮ ਦੀ ਖੁਸ਼ੀ ਵਿਚ ਨਸ਼ਾ ਕਰਕੇ ਪੱਗਾਂ ਲੁਹਾਈ ਦੇਖਦਾ ਹੈ, ਤਾਂ ਉਹ ਦਸਤਾਰ ਦਾ ਕੀ ਸਤਕਾਰ ਕਰੇਗਾ ? ਜਿਸ ਕਰਕੇ ਦਸਤਾਰ ਦੇ ਸਤਕਾਰ ਨੂੰ ਤਾਜ ਵਜੋਂ ਮਾਨਣ ਦਾ ਜਿਹੜਾ ਸਨੇਹਾ ਬੱਚੇ ਦੇ ਕੰਨ ਵਿਚ ਪੈਣਾ ਚਾਹੀਦਾ ਸੀ ਉਹ ਰੰਗ ਤਮਾਸ਼ਿਆਂ ਵਿਚ ਗੁਆਚ ਗਿਆ ।
ਅਸੀਂ ਦਸਤਾਰ ਨੂੰ ਸਵੈ-ਮਾਣ ਦੇ ਪ੍ਰਤੀਕ ਵਜੋਂ ਸਜਾਈਏ ਅਤੇ ਇਕ ਜਿੰਮੇਵਾਰੀ ਦੇ ਅਹਿਸਾਸ ਵਜੋਂ ਮਾਣੀਏ ਅਤੇ ਆਪਣੀ ਆਉਣ ਵਾਲੀ ਪੀੜੀ ਨੂੰ ਇਸ ਦਾ ਸਤਿਕਾਰ ਕਰਨਾ ਸਿਖਾਈਏ । ਇਸ ਲਈ ਸਮੂਹਿਕ ਰੂਪ ਵਿਚ ਵੱਡੇ ਸਮਾਗਮ ਕਰਕੇ ਬੱਚਿਆਂ ਨੂੰ ਦਸਤਾਰ ਸਜਾਈਏ ਅਤੇ ਸਾਹਿਬਜ਼ਾਦਿਆਂ ਦੇ ਵਾਰਿਸ ਹੋਣ ਦਾ ਥਾਪੜਾ ਦੇ ਸਕੀਏ ।

**ਕੀ ਹੋਵੇਗਾ :-**

ਗੁਰਮਤਿ ਸਮਾਗਮ ਜਿਸ ਵਿਚ ਸਹਿਜ ਪਾਠ ਦੇ ਭੋਗ ਪਾਏ ਜਾਣ (ਯਤਨ ਕੀਤਾ ਜਾਵੇ ਕਿ ਦਸਤਾਰ ਸਜਾਉਣ ਵਾਲੇ ਬੱਚਿਆ ਦੇ ਮਾਤਾ ਪਿਤਾ ਅਤੇ ਬੱਚੇ ਰੱਲ ਕੇ ਪਾਠ ਕਰਨ) ਉਸ ਉਪਰੰਤ ਕੀਰਤਨ ਅਤੇ ਦਸਤਾਰ ਦੀ ਮਹਾਨਤਾ ਬਾਰੇ ਇਕ ਦੋ ਪ੍ਰਮੁੱਖ ਸ਼ਖਸ਼ੀਅਤਾਂ ਦੇ ਵਿਚਾਰ ਕਰਵਾਏ ਜਾਣਗੇ। ਦਸਤਾਰ ਸਜਾਉਣ ਵਾਲੇ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਸਾਂਝੇ ਰੂਪ 'ਚ "ਸਾਬਤ ਸੂਰਤਿ ਦਸਤਾਰ ਸਿਰਾ" ਦੇ ਸਿਧਾਂਤ ਦਾ ਪ੍ਰਣ ਲੈਣਗੇ । ਉਸ ਉਪਰੰਤ ਪ੍ਰਮੁੱਖ ਧਾਰਮਿਕ ਅਤੇ ਸਿੱਖ ਪ੍ਰਤਿਸ਼ਠਤ ਵਿਅਕਤੀਆਂ ਪਾਸੋ ਦਸਤਾਰ ਬੱਚਿਆ ਦੇ ਸੀਸ ਤੇ ਸਜਾਈ ਜਾਵੇਗੀ।

**ਤੁਸੀ ਕੀ ਕਰਨਾ ਹੈ :-**

- ਆਪਣੇ ਆਲੇ ਦੁਆਲੇ ਇਲਾਕੇ ਵਿਚ ਜੁਆਨੀ ਦੇ ਦਹਿਲੀਜ਼ ਤੇ ਪੈਰ ਧਰ ਰਹੇ ਨੌਜਵਾਨ/ਬੱਚਿਆ ਦੀ ਨਿਸ਼ਾਨਦੇਹੀ ਕਰਨੀ ।
- ਉਹਨਾਂ ਦੇ ਮਾਤਾ ਪਿਤਾ ਨੂੰ ਪ੍ਰੇਰੋ ਅਤੇ ਦਸਤਾਰ ਦਾ ਮਹੱਤਵ ਦੱਸ ਕੇ ਕੌਮੀ ਦਸਤਾਰ ਬੰਦੀ ਸਮਾਗਮ 'ਚ ਦਸਤਾਰ ਸਜਾਉਣ ਲਈ ਤਿਆਰੀ ਕਰਵਾਓ ।
- ਵਿਸ਼ੇਸ਼ਸੱਦਾ ਪੱਤਰ ਤਿਆਰ ਕਰਵਾ ਕੇ ਦਸਤਾਰ ਸਮਾਗਮ ਵਿਚ ਭਾਗ ਲੈਣ ਵਾਲੇ ਬੱਚਿਆਂ ਦੇ ਸਜਣ ਸਨੇਹੀ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸ਼ਿਰਕਤ ਕਰਨ ਲਈ ਉਪਰਾਲੇ ਕੀਤੇ ਜਾਣ ।
- ਇਲਾਕੇ ਦੀਆਂ ਸਿੱਖ ਸੰਸਥਾਵਾਂ, ਗੁਰਦੁਆਰਿਆਂ ਸਾਹਿਬਾਨ ਨੂੰ ਪ੍ਰੇਰ ਕੇ ਐਸੇ ਸਮਾਗਮ ਕਰਵਾਏ ਜਾਣ ।
- ਸਮਾਗਮ ਦੀ ਰੂਪ ਰੇਖਾ ਤਿਆਰ ਕਰਨ ਅਤੇ ਹੋਰ ਜਾਣਕਾਰੀ ਲਈ ਅਸੀਂ ਹਰ ਵਕਤ ਤੁਹਾਡੇ ਨਾਲ ਹਾਂ ।

# 2. ਵਿਸ਼ਵ ਦਸਤਾਰ ਦਿਵਸ :- 13 ਅਪ੍ਰੈਲ (ਹਰ ਸਾਲ)

**ਕਿਉਂ:-**

ਦਸਤਾਰ ਸਿੱਖ ਲਈ ਰੋਜਾਨਾ ਸਜਾਉਣੀ ਲਾਜ਼ਮੀ ਹੈ। ਪਰ ਉਹ ਵਿਅਕਤੀ ਜਿਹੜੇ ਦਸਤਾਰ ਦਾ ਤਿਆਗ ਕਰ ਗਏ ਜਾਂ ਜਿਹਨਾਂ ਪਰਿਵਾਰਾਂ ਦੇ ਅਵੇਸਲੇ ਪਣ ਕਰਕੇ ਬੱਚੇ ਦਸਤਾਰ ਤੋਂ ਅਨਜਾਣ ਹੋ ਗਏ ਹਨ ਉਹਨਾਂ ਨੂੰ ਨਾਲ ਜੋੜਨਾ ਅਤੇ ਵਿਸ਼ਵ ਪੱਧਰ ਤੇ ਆਪਣੀ ਦਸਤਾਰ ਨਾਲ ਹੋਂਦ ਦਰਸਾਉਣ ਦੇ ਲਈ 'ਵਿਸ਼ਵ ਦਸਤਾਰ ਦਿਵਸ' ਮਨਾਉਣ ਦਾ ਉਪਰਾਲਾ ਕਰਨਾ ਹੈ। ਇਸ ਨਾਲ ਸਮੂਹਿਕ ਰੂਪ ਵਿਚ ਇੱਕੋ ਬਸੰਤੀ ਰੰਗ ਦੀਆਂ ਦਸਤਾਰਾਂ ਸਜਾ ਕੇ ਜਦੋਂ ਕੌਮੀ ਕਾਫਲਾ ਨਿਕਲੇਗਾ ਤਾਂ ਜਿੱਥੇ ਵਿਸ਼ਵ ਨੂੰ ਸਿੱਖ ਦੀ ਦਸਤਾਰ ਨਾਲ ਸਾਂਝ ਦਾ ਸਨੇਹਾ ਜਾਏਗਾ ਉੱਥੇ ਜਿਹੜੇ ਵੀਰ ਦਸਤਾਰ ਨਾਲੋ ਟੁੱਟ ਚੁੱਕੇ ਹਨ ਪ੍ਰੇਰਨਾ ਸਦਕਾ ਜਦੋ ਉਸ ਦਿਨ ਦਸਤਾਰ ਸਜਾ ਕੇ ਕੌਮੀ ਕਾਫਲੇ ਦੇ ਨਾਲ ਚਲਣਗੇ ਤਾਂ ਵੱਡੇ ਪਰਿਵਾਰ ਦਾ ਅੰਗ ਹੋਣ ਦਾ ਅਹਿਸਾਸ ਉਹਨਾਂ ਦੀ ਮਰ ਚੁਕੀ ਰੂਹ ਅੰਦਰ ਮੁੜ ਜਾਨ ਫੂਕ ਦੇਵੇਗਾ।

**ਕੀ ਹੋਵੇਗਾ :-**

ਸਾਂਝੇ ਸਥਾਨ ਤੇ ਬਜ਼ੁਰਗਾਂ/ਬੱਚਿਆਂ/ਬੀਬੀਆਂ ਨੂੰ ਪ੍ਰੇਰ ਕੇ ਇਕੱਤਰ ਕੀਤਾ ਜਾਵੇਗਾ। ਦਸਤਾਰ ਦੀ ਕਹਾਣੀ ਦਸਤਾਰ ਦੀ ਜ਼ੁਬਾਨੀ ਵੀਡੀਓ ਸੀ ਡੀ ਦਿਖਾ ਕੇ ਦਸਤਾਰ ਦੀ ਮਹਾਨਤਾ ਬਾਰੇ ਕਵਿਤਾ ਅਤੇ ਵਿਚਾਰਾਂ ਕੀਤੀਆਂ ਜਾਣਗੀਆਂ। ਉਸ ਦਿਨ ਕੌਮ ਨਾਲੋ ਟੁੱਟ ਚੁਕੇ ਵਿਅਕਤੀ ਜੋ ਵਾਪਸ ਮੁੜਨ ਦਾ ਪ੍ਰਣ ਕਰਨਗੇ ਉਹਨਾਂ ਨੂੰ ਸਨਮਾਨਤ ਕੀਤਾ ਜਵੇਗਾ। ਕਾਫਲੇ ਦੇ ਰੂਪ ਵਿਚ ਨੇੜਲੇ ਗੁਰਦੁਆਰਾ ਸਾਹਿਬ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਪ੍ਰਣ ਕੀਤਾ ਜਾਵੇ।

**ਤੁਸੀ ਕੀ ਕਰਨਾ ਹੈ :-**

- ਆਪਣੇ ਇਲਾਕੇ ਵਿਚ 13 ਅਪ੍ਰੈਲ (ਵਿਸਾਖੀ ਤੋਂ ਇਕ ਦਿਨ ਪਹਿਲਾਂ) ਵਿਸ਼ਵ ਦਸਤਾਰ ਦਿਵਸ ਮਨਾਉਣ ਲਈ ਪ੍ਰਬੰਧ ਕਰਨਾ।
- ਘੱਟ ਤੋਂ ਘੱਟ ਇਕ ਮਹੀਨਾ ਪਹਿਲਾਂ ਇਸ਼ਤਿਹਾਰਾਂ, ਅਖਬਾਰਾਂ, ਬੈਨਰਾਂ ਅਤੇ ਪ੍ਰਚਾਰ ਦੇ ਹਰ ਸੰਭਵ ਮਾਧਿਅਮ ਰਾਹੀਂ ਇਸ ਸੰਬੰਧੀ ਲੋੜੀਂਦਾ ਪ੍ਰਚਾਰ ਪ੍ਰੇਰਨਾ ਟੀ ਵੀ ਜਾਂ ਸਿਟੀ ਕੇਬਲ ਤੇ ਪ੍ਰਚਾਰ ਕਰਨ ਲਈ ਸਾਡੇ ਪਾਸੋਂ ਸੀ ਡੀ ਪ੍ਰਾਪਤ ਕਰ ਲੈਣੀ।
- ਇਲਾਕੇ ਦੇ ਗੁਰਦੁਆਰਾ ਸਾਹਿਬਾਨ, ਸਕੂਲ, ਧਾਰਮਿਕ ਸੰਸਥਾਵਾਂ ਨੂੰ ਵਿਸ਼ਵ ਦਸਤਾਰ ਦਿਵਸ ਬਾਰੇ ਜਾਣਕਾਰੀ ਦੇ ਕੇ ਪ੍ਰੇਰਨਾ, ਤਾਂ ਜੋ ਉਹ ਇਸ ਉਦਮ ਵਿਚ ਸ਼ਾਮੂਲੀਅਤ ਕਰ ਸਕਣ।
- ਜੋ ਮੈਂਬਰ/ਪਰਿਵਾਰ ਦਸਤਾਰ ਨੂੰ ਮੂਲੋ ਭੁਲ ਚਕੇ ਹਨ, ਉਹਨਾਂ ਨੂੰ ਪ੍ਰੇਰਨ ਦਾ ਸਾਰਥਕ ਉਪਰਾਲਾ ਕਰਨਾ ਅਤੇ ਸਬੰਧਤ ਪ੍ਰਾਣੀਆਂ ਦੀ ਲਿਸਟਾਂ ਤਿਆਰ ਕਰਨੀਆਂ।
- ਦਸਤਾਰ ਦੀ ਕਹਾਣੀ ਦਸਤਾਰ ਦੀ ਜ਼ਬਾਨੀ ਦੀ ਸੀ ਡੀ ਸਾਡੇ ਤੋਂ ਪ੍ਰਾਪਤ ਕਰ ਲੈਣੀ।

# 3. ਦਸਤਾਰ ਕਲੀਨਿਕ

**ਕਿਉ:-**

ਅੱਜ ਫੈਸ਼ਨ ਦੇ ਯੁੱਗ ਵਿਚ ਹਰ ਵਿਅਕਤੀ ਸੁੰਦਰ ਦਿਸਣਾ ਚਾਹੁੰਦਾ ਹੈ । ਬੇਸ਼ਕ ਗੁਰਬਾਣੀ ਮੁਤਾਬਕ ਅੰਦਰੂਨੀ ਸੁਹੱਪਣ ਨੂੰ ਪਹਿਲ ਦਿੱਤੀ ਹੈ ਪਰ ਨਾਲ-ਨਾਲ ਬਾਹਰੀ ਸਰੂਪ ਨੂੰ ਸੰਭਾਲਣ ਦੀ ਤਾਕੀਦ ਵੀ ਹੈ। ਜਦੋਂ ਨੌਜਵਾਨ ਨੂੰ ਦਸਤਾਰ ਸਜਾਉਣੀ ਨਹੀ ਆਉਂਦੀ ਜਾਂ ਸੁੰਦਰ ਦਸਤਾਰ ਨਹੀ ਸਜਾਉਣੀ ਆਉਂਦੀ ਤਾਂ ਉਹ ਫੋਕੇ ਸੁਹਪਣ ਪਿਛੇ ਲਗ ਕੇ ਕੇਸ ਕਤਲ ਕਰਵਾ, ਦਸਤਾਰ ਨੂੰ ਤਿਲਾਂਜਲੀ ਦੇ ਦਿੰਦਾ ਹੈ। ਬੱਚਾ ਛੋਟੀ ਉਮਰ ਤੋਂ ਹੀ ਸੁੰਦਰ ਦਸਤਾਰ ਸਜਾਉਣ ਲੱਗ ਪਵੇ, ਅਸੀਂ ਇਸ ਲਈ ਉਸ ਨੂੰ ਨਾ ਕੋਈ ਟ੍ਰੇਨਿੰਗ ਹੀ ਦਿਵਾਂਦੇ ਹਾਂ ਅਤੇ ਨਾ ਹੀ ਉਸ ਨੂੰ ਦਸਤਾਰ ਕਿਸ ਰੂਪ 'ਚ ਸਜਾਉਣੀ ਹੈ, ਇਸ ਬਾਰੇ ਕੋਈ ਠੋਸ ਰਾਏ ਦਿੰਦੇ ਹਾਂ। ਬੱਸ ! ਐਵੇਂ ਹੀ ਕੁਝ ਕੁ ਗਜ ਕਪੜਾ ਦੇ ਕੇ ਆਪਣਾ ਫਰਜ ਪੂਰਾ ਹੋ ਗਿਆ ਸਮਝਦੇ ਹਾਂ।

ਦਸਤਾਰ ਕਲੀਨਿਕ ਇਕ ਉਪਰਾਲਾ ਹੈ, ਜਿਸ ਵਿਚ ਇਕ ਨੌਜਵਾਨ ਨੂੰ ਇਹ ਦਸਿਆ ਜਾਵੇਗਾ ਕਿ ਦਸਤਾਰ ਕਿਸ ਤਰ੍ਹਾਂ ਸਜਾਉਣੀ ਹੈ ਅਤੇ ਦਸਤਾਰ ਦਾ ਕਿਹੜਾ ਸਰੂਪ ਉਸਦੇ ਸੁਹਣੇ ਮੁਖੜੇ ਨੂੰ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀ ਛਵੀ ਪ੍ਰਦਾਨ ਕਰੇਗਾ ।

**ਕੀ ਹੋਵੇਗਾ :-**

ਗੁਰਦੁਆਰਾ ਸਾਹਿਬ ਦੇ ਨਜ਼ਦੀਕ ਜਾਂ ਕਿਸੇ (ਹਾਲ, ਦੁਕਾਨ, ਕਮਰਾ, ਘਰ) ਵਿਚ ਦਸਤਾਰ ਕਲੀਨਿਕ ਖੋਲੀਆਂ ਜਾਣਗੀਆਂ ਅਤੇ ਜਿਸ ਵਿਚ ਅਲੱਗ-ਅਲੱਗ ਸਟਾਈਲ ਦੀਆਂ ਪੱਗਾਂ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ ਅਤੇ ਜਿਹੜਾ ਬੱਚਾ ਦਸਤਾਰ ਸਜਾਉਣੀ ਸਿਖਣ ਲਈ ਆਏਗਾ ਕੰਪਿਊਟਰ ਪ੍ਰੋਗਰਾਮ ਰਾਹੀਂ ਉਸਦੀ ਫੋਟੋ ਖਿੱਚ ਕੇ ਉਸ ਦੇ ਪਿਆਰੇ ਜਿਹੇ ਮੁਖੜੇ 'ਤੇ ਦਸਤਾਰ ਦਾ ਕਿਹੜਾ ਸਰੂਪ ਜਚਦਾ ਹੈ ਬਾਰੇ ਜਾਣਕਾਰੀ ਦਿੱਤੀ ਜਾਏਗੀ । ਦਸਤਾਰ ਸਿਖਾਉਣ ਲਈ ਵਲੰਟੀਅਰਜ਼ ਦੀ ਮਦਦ ਲਈ ਜਾਏਗੀ । ਵਲੰਟੀਅਰਜ਼ ਨੂੰ ਦਸਤਾਰ ਸਜਾਉਣ ਦੀ ਸਪੈਸ਼ਲ ਟ੍ਰੇਨਿੰਗ ਦੇਣ ਵਾਸਤੇ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ ।

**ਤੁਸੀ ਕੀ ਕਰਨਾ ਹੈ :-**

ਆਪਣੇ ਇਲਾਕੇ ਵਿਚ ਦਸਤਾਰ ਕਲੀਨਿਕ ਕਾਇਮ ਕਰਨ ਵਾਸਤੇ ਉਪਰਾਲਾ ਕਰੋ ਅਤੇ ਸਮਗਰੀ ਲੈਣ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

# 4. ਦਸਤਾਰ ਮਹਾਨਤਾ ਮੁਕਾਬਲੇ

**ਕਿਉਂ:-**
ਦਸਤਾਰ ਪ੍ਰਤੀ ਜਾਣਕਾਰੀ ਪਿਆਰ ਅਤੇ ਸੋਹਣੀ ਦਸਤਾਰ ਸਜਾਉਣ ਦਾ ਚਾਅ ਨੌਜਵਾਨਾਂ/ਬੱਚਿਆਂ ਦੇ ਮਨ ਵਿਚ ਪੈਦਾ ਕੀਤਾ ਜਾ ਸਕੇ, ਇਸ ਲਈ ਮੁਹੱਲੇ, ਗੁਰਦੁਆਰੇ, ਸਕੂਲ/ਕਾਲਜ ਨੂੰ ਇਕਾਈ ਬਣਾ ਕੇ ਕੰਮ ਕੀਤੇ ਜਾਣ ਦੀ ਜਰੂਰਤ ਹੈ ।

**ਕੀ ਹੋਵੇਗਾ:-**
ਦਸਤਾਰ ਦੀ ਮਹੱਤਤਾ ਨੂੰ ਉਜਾਗਰ ਕਰਨ ਹਿੱਤ ਅਲੱਗ-ਅਲੱਗ ਮੁਕਾਬਲੇ ਕਰਵਾਏ ਜਾਣਗੇ ਜਿਹਨਾਂ ਵਿਚ :-

1. ਭਾਸ਼ਣ ਮੁਕਾਬਲੇ
2. ਕਵਿਤਾ ਮੁਕਾਬਲੇ
3. ਸੁੰਦਰ ਦਸਤਾਰ ਮੁਕਾਬਲੇ
4. ਸੁੰਦਰ ਦਸਤਾਰ ਫੋਟੋ ਮੁਕਾਬਲਾ

**ਭਾਸ਼ਣ ਅਤੇ ਕਵਿਤਾ ਮੁਕਾਬਾਲੇ ਲਈ ਹੇਠ ਲਿਖੇ ਕੁਝ ਵਿਸ਼ੇ ਵੀ ਲਏ ਜਾ ਸਕਦੇ ਹਨ :-**

1. ਦਸਤਾਰ ਅਤੇ ਇਸਦਾ ਇਤਿਹਾਸ
2. ਸਿੱਖ ਧਰਮ 'ਚ ਦਸਤਾਰ
3. ਦਸਤਾਰ ਸਾਡੀ ਪਹਿਚਾਣ
4. ਦੁਨੀਆ ਵਿਚ ਦਸਤਾਰ ਦੇ ਮੌਜੂਦਾ ਹਾਲਾਤ ਅਤੇ ਹੱਲ
5. ਸਾਬਤ ਸੂਰਤਿ ਦਸਤਾਰ ਸਿਰਾ

ਇਨ੍ਹਾਂ ਹੀ ਵਿਸ਼ਿਆਂ ਤੇ ਨੌਜਵਾਨਾਂ ਰਾਹੀਂ ਪਰਿਵਾਰਾਂ ਨੂੰ ਲੇਖ ਲਿਖਣ ਲਈ ਸੱਦੇ ਦਿਤੇ ਜਾਣੇ ਹਨ ।

**ਤੁਸੀ ਕੀ ਕਰਨਾ ਹੈ :-**

- ਤੁਸੀਂ ਆਪਣੇ ਸਕੂਲ / ਗੁਰਦੁਆਰਾ ਸਾਹਿਬਾਨ ਵਿਚ ਇਸ ਸਬੰਧੀ ਉਪਰਾਲਾ ਕਰਨਾ ਹੈ ।
- ਦਸਤਾਰ ਸਬੰਧੀ ਕਵਿਤਾਵਾਂ ਅਤੇ ਹੋਰ ਕਿਤਾਬਚੇ ਸਾਡੇ ਪਾਸੋਂ ਮੰਗਵਾ ਲੈਣੇ ।
- ਤੁਸੀਂ ਸਕੂਲ/ਕਾਲਜ ਦੇ ਪ੍ਰਬੰਧਕ / ਪ੍ਰਿੰਸੀਪਲ ਹੋ ਤਾਂ ਆਪਣੇ ਹੀ ਸਕੂਲ / ਕਾਲਜ ਤੋਂ ਇਹ ਸ਼ੁਰੂਆਤ ਕਰੋ ਸਾਡੇ ਪਾਸੋਂ ਸਰਟੀਫਿਕੇਟ ਅਤੇ ਫ਼ਸਟ, ਸੈਕਿੰਡ, ਥਰਡ ਲਈ ਮੈਡਲ ਮੰਗਵਾ ਲੈਣੇ ।

# 5. ਭਵਿੱਖ ਦੇ ਹੋਣਹਾਰ ਬੱਚੇ

**ਕਿਉ:-**

ਸਿੱਖ ਭਾਈਚਾਰੇ ਨੇ ਹਰ ਖੇਤਰ ਵਿਚ ਬੁਲੰਦੀਆਂ ਨੂੰ ਛੋਹਿਆ ਹੈ ਅਤੇ ਕੋਈ ਵੀ ਐਸਾ ਖੇਤਰ ਨਹੀ ਜਿਥੇ ਆਪਣੀ ਪ੍ਰਤਿਭਾ ਦਾ ਲੋਹਾਂ ਨਹੀ ਮਨਵਾਇਆ ਪਰ ਫਿਰ ਵੀ ਉੱਚ ਅਹੁਦਿਆਂ ਤੇ ਬਿਰਾਜਮਾਨ ਸਿੱਖ ਧਾਰਮਿਕ ਤੌਰ ਤੇ ਕੌਮ ਲਈ ਪ੍ਰੇਰਨਾ ਸ੍ਰੋਤ ਨਹੀ ਬਣ ਸਕੇ। ਅਸੀਂ ਕੌਮੀ ਤੌਰ ਤੇ ਜੇ ਕੋਈ ਥੋੜੀ ਬਹੁਤ ਮਿਹਨਤ ਕੀਤੀ ਵੀ ਹੈ ਤਾਂ ਸਿਰਫ ਤੇ ਸਿਰਫ ਪ੍ਰਚਾਰਕ ਜਾਂ ਗ੍ਰੰਥੀ ਸਿੰਘ ਬਨਾਉਣ ਦੇ ਲਈ ਅਤੇ ਪੜਾਈ ਪੱਖੋਂ ਉਹਨਾਂ ਦਾ ਪੱਧਰ ਵੀ ਕੀ ਹੁੰਦਾ ਹੈ ਅਸੀਂ ਜਾਣਦੇ ਹੀ ਹਾਂ।

ਸਾਡਾ ਇਹ ਉਪਰਾਲਾ ਹੈ ਕਿ 13-14 ਸਾਲ ਦੇ ਉਮਰ ਦੇ ਪ੍ਰਤਿਭਾਵਾਨ ਸਿੱਖ ਬੱਚਿਆਂ ਨੂੰ ਚੁਣ ਕੇ ਉਹਨਾਂ ਨੂੰ ਜੀਵਨ ਦੇ ਮਹੱਤਵਪੂਰਨ ਖੇਤਰਾਂ ਵਿਚ ਸਫਲ ਹੋਣ ਲਈ ਤਿਆਰ ਕੀਤਾ ਜਾਵੇ। ਅੱਜ ਦੇ ਯੁਗ ਦੇ ਹਾਣੀ ਇਹ ਬੱਚੇ ਪ੍ਰਚਲਤ ਮਾਧਿਅਮਾ ਰਾਹੀਂ ਸਿਧਾਂਤਕ ਸੋਝੀ ਅਨੁਸਾਰ ਗੁਰੂ ਖਾਲਸਾ ਪੰਥ ਨੂੰ ਪ੍ਰਚਾਰ ਪ੍ਰਸਾਰ ਸਕਣਗੇ। ਮਾਤਾ ਪਿਤਾ, ਸਕੂਲ ਅਤੇ ਗੁਰਦੁਆਰਿਆਂ ਦੀ ਮਦਦ ਦੇ ਨਾਲ ਬੱਚੇ ਦੀ ਸੰਪੂਰਨ ਸ਼ਖਸ਼ੀਅਤ ਨੂੰ ਘੜਨ ਲਈ ਬਾਨਣੂ ਬੰਨੇ ਜਾਣਗੇ ਤਾਂ ਜੋ ਉਹ ਨੌਜਵਾਨ ਜਿਹੜੇ ਵੀ ਖੇਤਰ ਵਿਚ ਜਾਣ ਜਿਥੇ ਉਹ ਪ੍ਰਫੈਸ਼ਨਲ ਤੌਰ ਤੇ ਕਾਮਯਾਬ ਹੋਣਗੇ ਉਥੇ ਉਹ ਧਾਰਮਿਕ ਤੌਰ ਤੇ ਅਗਵਾਈ ਦੇਣ ਦੇ ਵੀ ਸਮਰਥ ਬਣ ਜਾਣਗੇ ।

**ਕੀ ਹੋਵੇਗਾ :-**

ਇਮਤਿਹਾਨ ਦੇ ਰਹੇ 100 ਨੌਜਵਾਨ ਵੱਖ ਵੱਖ ਅੰਕਾਂ ਦੇ ਅਧਾਰ ਤੇ ਚੁਣੇ ਜਾਣਗੇ ਜਿਹਨਾਂ ਨੂੰ ਤਿੰਨ ਮਹੀਨੇ ਆਪਣੇ ਪਾਸ ਰੱਖ ਕੇ ਅਤੇ ਇਕ ਸਾਲ ਸਿੱਧੇ ਰੂਪ ਵਿਚ ਉਹਨਾਂ ਨਾਲ ਸੰਪਰਕ ਬਣਾ ਕੇ ਅਤੇ ਉਹਨਾਂ ਦੇ ਮਾਤਾ ਪਿਤਾ ਅਤੇ ਸਕੂਲ ਰਾਹੀਂ ਉਹਨਾਂ ਦੀ ਸ਼ਖਸੀਅਤ ਨੂੰ ਘੜਿਆ ਜਾਵੇਗਾ ।

**ਤੁਸੀ ਕੀ ਕਰਨਾ ਹੈ :-**

ਤੁਹਾਡੇ ਇਲਾਕੇ ਵਿਚ ਆਲੇ-ਦੁਆਲੇ ਕੋਈ ਇਸ ਤਰ੍ਹਾਂ ਦਾ ਬੱਚਾ ਹੋ ਜੋ ਹੋਣਹਾਰ ਹੋਵੇ ਉਸਦਾ ਮਾਰਗਦਰਸ਼ਨ ਕਰਕੇ ਤੇ ਜੇ ਲੋੜਵੰਦ ਹੋਵੇ ਉਸ ਦੀ ਹਰ ਤਰ੍ਹਾਂ ਦੀ ਮਦਦ ਕਰੀਏ।

# 6. ਮਿਸਟਰ ਸਿੰਘ ਇੰਟਰਨੈਸ਼ਨਲ ਖਿਤਾਬ

**ਕਿਉਂ:-**

ਸਮੇਂ ਦੀ ਗਰਦਿਸ਼ ਨਾਲ ਅੱਜ ਦੀ ਚਕਾ-ਚੌਂਧ ਨੇ ਸਮਾਜ ਦੀ ਬਹੁਤਾਤ ਨੂੰ ਆਕਰਸ਼ਿਤ ਕੀਤਾ ਹੈ ਅਤੇ ਆਪਣੇ ਵੱਲ ਖਿੱਚਿਆ ਹੈ। ਪਰ ਗੁਰੂ ਸਾਹਿਬਾਨ ਦੇ ਰਾਜ ਦੁਲਾਰਿਆਂ ਨੇ ਸ਼ੁਰੂਆਤ ਤੋਂ ਹੀ ਇਸ ਚਕਾ-ਚੌਂਧ ਵਾਲੇ ਖੇਤਰ ਤੋਂ ਦੂਰੀ ਬਣਾਈ ਰੱਖੀ ਹੈ। ਪਰ ਹੁਣ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ ਕਿ ਇਹ ਖੇਤਰ ਸਾਬਤ ਸੂਰਤ ਸਿੱਖ ਵੀਰਾਂ ਲਈ ਹੈ ਹੀ ਨਹੀਂ। ਮਿਸਟਰ ਸਿੰਘ ਖਿਤਾਬ ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ, ਅਕਾਲ ਪੁਰਖ ਕੀ ਫੌਜ ਵੱਲੋਂ ਸਿੱਖ ਨੌਜਵਾਨਾਂ ਲਈ ਫੈਸ਼ਨ ਅਤੇ ਮਾਡਲੰਗਿ ਦੀ ਦੁਨੀਆਂ ਵੱਲ ਚੁਕਿਆ ਜਾਣ ਵਾਲਾ ਇਕ ਭਾਵਪੂਰਤ ਅਤੇ ਸਾਹਸੀ ਕਦਮ ਹੈ। ਇਹ ਕਈਆਂ ਲਈ ਨਵੇਂ ਮੌਕੇ ਪ੍ਰਦਾਨ ਕਰੇਗਾ ਅਤੇ ਗਲੈਮਰ ਦੀ ਦੁਨੀਆਂ ਵਿਚ ਇਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਸਿੱਖ ਰਹਿਤ ਮਰਿਆਦਾ ਦੇ ਸਰੂਪ ਵਿਚ ਰਹਿੰਦਿਆਂ ਇਹ ਕਾਰਜ ਸੰਪੂਰਨ ਕਰਨਾ ਆਪਣੇ ਆਪ ਵਿਚ ਬਿਖਮ ਤਾਂ ਜਰੂਰ ਹੈ ਪਰ ਆਪਣਾ ਆਪ ਸਿੱਧ ਕਰਨ ਲਈ ਚੁਣੌਤੀ ਭਰਪੂਰ ਵੀ ਹੈ। ਅੱਜ, ਸੰਸਾਰ ਨੂੰ ਇਕ ਸੰਦੇਸ਼ ਦੀ ਲੋੜ ਹੈ ਕਿ ਪ੍ਰਮਾਤਮਾ ਵੱਲੋਂ ਬਖਸ਼ੇ ਸਰੂਪ ਦਾ ਸਤਿਕਾਰ ਕਰਦਿਆਂ ਅਤੇ ਕੁਦਰਤ ਦੇ ਅਸੂਲਾਂ ਵਿਚ ਰਹਿ ਕੇ ਦੁਨੀਆਂ ਦੇ ਹਰ ਮੁਕਾਮ ਵਿੱਚ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।

**ਕੀ ਹੋਵੇਗਾ :-**

ਸਾਰੇ ਸੰਸਾਰ ਨੂੰ ਦੱਸ ਜੋਨਾਂ ਵਿੱਚ ਵੰਡ ਕੇ ਉਸ ਦੇ ਜੋਨਲ ਮੁਕਾਬਲੇ ਕਰਵਾਏ ਜਾਣਗੇ । ਇਸ ਕਾਂਟੈਸਟ ਦਾ ਫਾਈਨਲ ਪ੍ਰੋਗਰਾਮ ਜੋ ਕਿ ਵੱਖ-ਵੱਖ ਜ਼ੋਨਲ ਮੁਕਾਨਲਿਆਂ ਵਿਚੋਂ ਚੁਣ ਕੇ ਆਏ ਯੋਗੀਆਂ ਦਾ ਹੋਵੇਗਾ, ਅੰਮ੍ਰਿਤਸਰ ਸ਼ਹਿਰ ਵਿਚ ਹੋਵੇਗਾ। ਵੱਖ-ਵੱਖ ਖੇਤਰਾਂ ਦੇ ਮਾਹਿਰ ਜਿਵੇਂ ਧਾਰਮਿਕ, ਫਿਲਮੀ, ਫੈਸ਼ਨ, ਸਿਹਤ ਅਤੇ ਸਾਹਿਤ ਆਦਿ ਇਸ ਪ੍ਰੋਗਰਾਮ ਵਿਚ ਜੱਜ ਦੇ ਤੌਰ ਤੇ ਸ਼ਿਰਕਤ ਕਰਨਗੇ ਜੋ 'ਮਿਸਟਰ ਸਿੰਘ' ਦੀ ਚੋਣ ਕਰਨਗੇ । ਫਾਈਨਲ ਸ਼ੋਅ ਇਕ ਅੰਤਰ-ਰਾਸ਼ਟਰੀ ਪੱਧਰ ਦਾ ਸ਼ੌਅ ਹੋਵੇਗਾ ਜਿਸ ਵਿਚ ਧਾਰਮਿਕ ਅਤੇ ਸਮਾਜਿਕ ਡਰਾਮੇ, ਮਾਰਸ਼ਲ ਆਰਟ, ਸਿੱਖ ਨੌਜਵਾਨਾਂ ਦਾ ਫੈਸ਼ਨ ਸ਼ੋਅ ਅਤੇ ਮਿਸਟਰ ਸਿੰਘ 2005 ਅਵਾਰਡ ਸ਼ਾਮਿਲ ਹੋਣਗੇ । ਇਸ ਪ੍ਰੋਗਰਾਮ ਵਿਚ ਅਵਾਰਡ ਲਈ ਚੋਣ ਬਿਲਕੁਲ ਨਿਰਪੱਖ ਅਤੇ ਨਿਰੋਲ ਸਿੱਖੀ ਸਿਧਾਂਤਾਂ ਦੇ ਆਧਾਰ ਤੇ ਕੀਤੀ ਜਾਵੇਗੀ। ਅੰਤਰ-ਰਾਸ਼ਟਰੀ ਮੀਡੀਆ ਇਸ ਪ੍ਰੋਗਰਾਮ ਨੂੰ ਦੁਨੀਆ ਭਰ ਵਿਚ ਪੇਸ਼ ਕਰੇਗਾ। ਫਿਲਮ, ਫੈਸ਼ਨ ਅਤੇ ਮੀਡੀਆ ਦੇ ਮਾਹਿਰ ਲੋਕ ਇਸ ਕਾਂਟੈਸਟ ਵਿਚ ਭਾਗ ਲੈ ਰਹੇ ਨੌਜਵਾਨਾਂ ਨੂੰ ਆਪਣੀਆਂ ਫਿਲਮਾਂ, ਟੀ ਵੀ ਸੀਰੀਅਲ ਅਤੇ ਮੀਡੀਏ ਵਿਚ ਮੌਕਾ ਪ੍ਰਦਾਨ ਕਰਨਗੇ।

**ਤੁਸੀ ਕੀ ਕਰਨਾ ਹੈ :-**

ਆਪਣੇ ਇਲਾਕੇ ਅੰਦਰ ਖੂਬਸੂਰਤ ਦਿੱਖ ਵਾਲੇ ਸਾਬਤ ਸੂਰਤਿ ਨੌਜਵਾਨਾਂ ਨੂੰ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਨਾ ਹੈ ।

ਗੁਰੂ ਪਾਤਸ਼ਾਹ ਜੀ ਦੀ ਆਪ ਜੀ ਉੱਪਰ ਅਪਾਰ ਬਖਸ਼ਿਸ਼ ਹੈ ਜੋ ਗੁਰੂ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਪ ਜੀ ਆਪਣੀ ਸਮਰੱਥਾ ਅਨੁਸਾਰ ਪਹਿਲਾਂ ਹੀ ਜੂਝ ਰਹੇ ਹੋ। ਵਿਸ਼ਵ ਭਰ ਵਿਚ 2005 ਨੂੰ ਦਸਤਾਰ ਸਵੈ-ਮਾਣ ਲਹਿਰ ਵਜੋਂ ਉਭਾਰਨ ਲਈ ਹਰ ਗੁਰਸਿੱਖ/ਗੁਰਦੁਆਰਾ ਸਾਹਿਬ/ਸੰਸਥਾ ਨੂੰ ਪੂਰੀ ਸ਼ਕਤੀ ਨਾਲ ਆਪਣਾ ਆਪ ਨੂੰ ਝੋਕਣਾ ਪਵੇਗਾ ਤਾਂ ਹੀ ਇਹ ਲਹਿਰ ਦੁਨੀਆਂ ਸਾਹਮਣੇ ਕੋਈ ਸਾਰਥਕ ਨਤੀਜੇ ਪੇਸ਼ ਕਰ ਸਕੇਗੀ। ਸਾਡੇ ਵੱਲੋਂ ਉਲੀਕੇ ਗਏ ਪ੍ਰੋਗਰਾਮ ਇਸ ਲਹਿਰ ਦੀ ਸ਼ੁਰੂਆਤ ਵਜੋਂ ਪ੍ਰਸਤੁਤ ਕੁਝ ਭਾਵਨਾਵਾਂ ਹਨ, ਜਿੰਨਾਂ ਨੂੰ ਆਪ ਜੀ ਦੀ ਸਰਪ੍ਰਸਤੀ ਹੀ ਸੰਪੂਰਨਤਾ ਬਖਸ਼ਿਸ਼ ਕਰ ਸਕਦੀ ਹੈ, ਸੋ ਸਾਝੇ ਵਿਚਾਰ ਇਕ ਵਿਲੱਖਣ ਕੌਮੀ ਸੋਚ ਸੰਸਾਰ ਦੇ ਸਾਹਮਣੇ ਬਾਖੂਬੀ ਪੇਸ਼ ਕਰਨ ਦੇ ਸਮਰੱਥ ਹੋ ਸਕਣਗੇ।

ਅਗਰ ਆਪ ਜੀ ਕਿਸੇ ਵੀ ਸੰਸਥਾ ਨਾਲ ਜੁੜੇ ਹੋ ਤਾਂ ਆਪਣੇ ਆਲੇ ਦੁਆਲੇ ਵਿਚ ਇਸ ਲਹਿਰ ਨੂੰ ਪ੍ਰਚੰਡ ਕਰਨ ਲਈ ਆਪਣਾ ਯੋਗਦਾਨ ਜ਼ਰੂਰ ਪਾਉ। ਹਰ ਸਿੱਖ ਘਰ ਤੱਕ ਇਸ ਲਹਿਰ ਦੀ ਜਾਣਕਾਰੀ ਪਹੁੰਚਾਉਣੀ ਸਾਡਾ ਮੁਢਲਾ ਫਰਜ਼ ਹੈ, ਸੋ ਆਉ ਰਲ ਮਿਲ ਕੇ ਜੁੱਟ ਜਾਈਏ, ਸਫਲਤਾ ਗੁਰੂ ਪਾਤਸ਼ਾਹ ਆਪੇ ਬਖਸ਼ਣਗੇ।

ਅਕਾਲ ਪੁਰਖ ਕੀ ਫੌਜ
AKAAL PURKH KI FAUJ

# ਸਿੱਖ ਵਿਦਅਕ ਬੋਰਡ

## ਮੈਂਬਰ ਸਕੂਲਾਂ ਨੂੰ ਕੌਮਾਂਤਰੀ ਪੱਧਰ ਦੇ ਹਾਣੀ ਬਣਾਉਣ ਲਈ ਸਰਪ੍ਰਸਤੀ ਕਰਨੀ।

ਸਿੱਖ ਵਿਦਅਕ ਬੋਰਡ ਦੇ ਉਦੇਸ਼ ਹਨ:

- ਹਰ ਮੈਂਬਰਸਕੂਲ ਦੀ ਗੁਣਵੱਤਾ ਵਧਾਉਣ ਲਈ ਅਕਾਦਮਿਕ ਆਡਿਟ ਕਰਨਾ।
- ਹਰ ਮੈਂਬਰ ਸਕੂਲ ਦੇ ਅਧਿਆਪਕਾਂ ਨੂੰ ਵਿਦਅਕ ਤਕਨੀਕ ਸਿਖਲਾਈ ਦੇ ਕੇ ਸ਼ਕਤੀਕਰਨ ਵਿਚ ਵਾਧਾ।
- ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਦੀ ਨੈਤਿਕ ਸਰਬਪੱਖੀ ਸਹਾਇਤਾ।
- ਅਧਿਆਪਕ ਪੇਸ਼ੇ ਦੇ ਵਿਦਆਰਥੀਆਂ ਅਤੇ ਪੇਸ਼ਾਵਰ ਅਧਿਆਪਕਾਂ ਨੂੰ ਰਿਫਰੈਸ਼ਰ ਕੋਰਸ ਕਰਵਾਉਣਾ।

## ਵਿਸਥਾਰ:

1. ਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਪੰਥ ਦੇ ਸਿੱਖਿਆ ਦਰਸ਼ਨ'ਤੇ ਆਧਾਰਿਤ ਪਾਠਕ੍ਰਮ
2. ਸਿੱਖ ਇਤਿਹਾਸ ਅਤੇ ਕਦਰਾਂ-ਕੀਮਤਾਂ'ਤੇ ਆਧਾਰਿਤ ਸਿਲੇਬਸ
3. ਸੰਗੀਤਦੇ ਵਿਸ਼ੇ ਵਜੋਂ ਗੁਰਮਤਿ ਸੰਗੀਤ
4. ਗੁਰਮੁਖੀ ਅਤੇ ਪੰਜਾਬੀ ਦਾ ਪ੍ਰਚਾਰ
5. ਸਿੱਖ ਮਾਰਸ਼ਲ ਆਰਟਸ
6. ਲਜਿਸ ਵਿਚ ਮਿੱਟੀ, ਸਿੰਚਾਈ ਪ੍ਰਣਾਲੀ, ਪੰਜਾਬ ਦੀਆਂ ਫ਼ਸਲਾਂ ਅਤੇ ਫ਼ਸਲੀ ਵਿਭੰਨਤਾ ਸਬੰਧੀ
7. ਗੁਰੂ ਗ੍ਰੰਥ ਸਾਹਿਬ ਜੀ ਦੇ ਆਰਥਿਕ ਫ਼ਲਸਫ਼ੇ ਨਾਲ ਅਰਥ ਸ਼ਾਸਤਰ ਅਤੇ ਖੇਤੀ ਮੰਡੀਕਰ
8. ਗੁਰੂ ਨਾਨਕ ਸਾਹਿਬ ਅਤੇ ਸਿੱਖ ਕਦਰਾਂ-ਕੀਮਤਾਂ ਤੇ ਆਧਾਰਿਤ ਨਾਗਰਿਕ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ
9. ਸਿੱਖ ਫ਼ਲਸਫ਼ੇ ਦੇ ਪ੍ਰਚਾਰ-ਪ੍ਰਸਾਰ ਹਿਤ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਸ਼ਿਆਂ ਵਿਚ ਨਿਪੁੰਨਤਾ
10. ਨੈਤਿਕ ਕਮਾਈ ਤੇ ਆਧਾਰਿਤ ਕਰੀਅਰ ਕੌਂਸਲਿੰਗ
11. ਸੇਵਾ-ਸਿਮਰਨ ਦੀ ਅਮਲੀ ਸਿਖ਼ਲਾਈ।

Raising Sikhs of the Future
AKAAL PURKH KI FAUJ

**ਤੁਸੀ ਆਪਣੇ ਇਲਾਕੇ ਦੇ ਸਿੱਖ ਸਕੂਲਾਂ ਦੀ ਨਿਸ਼ਾਨਦੇਹੀ ਕਰਵਾ ਕੇ ਮਦਦ ਕਰ ਸਕਦੇ ਹੋ।**

1999-2024

**www.apkf.org**



84377 83377 | 9216 222 000

# APKF PUBLIC SCHOOL

# MIGHTY KHALSA SCHOOLS

ਬੱਚੇ ਦੀ ਪਰਵਰਿਸ਼ ਅਤੇ ਬੱਚੇ ਦੀ ਮੁਢਲੀ ਸਿੱਖਿਆ ਬਹੁਤ ਹੀ ਸੁਖਾਲੀ ਅਤੇ ਸੋਹਣੀ ਹੋਣੀ ਚਾਹੀਦੀ ਹੈ। ਬੱਚੇ ਦੀ ਮੁਢਲੀ ਪਰਵਰਿਸ਼ ਕਿਹੜੇ ਹੱਥਾਂ ਵਿੱਚ ਹੋਈ ਹੈ, ਇਹ ਨਿਰਭਰ ਕਰਦੀ ਹੈ ਕਿ ਉਹ ਭਵਿੱਖ ਵਿੱਚ ਕਿਹੋ ਜਿਹਾ ਇਨਸਾਨ ਬਣੇਗਾ। ਇਸ ਲਈ ਜਰੂਰੀ ਹੈ ਕਿ ਬੱਚੇ ਦੀ ਮੁਢਲੀ ਸਿੱਖਿਆ ਅਤੇ ਚੰਗੀ ਪਰਵਰਿਸ਼ ਦੇ ਲਈ ਚੰਗੀ ਵਿਚਾਰ ਅਤੇ ਚੰਗੀ ਸੋਚ ਵਾਲੇ ਹਾਲਾਤ ਪੈਦਾ ਕੀਤੇ ਜਾਣ। ਜਿਸ ਬੱਚੇ ਦੀ ਮੁਢਲੀ ਸਿੱਖਿਆ ਉਸ ਦੀ ਮਾਤ ਭਾਸ਼ਾ ਵਿੱਚ ਹੋਵੇਗੀ ਉਹ ਬੱਚਾ ਬਾਕੀਆਂ ਦੇ ਮੁਕਾਬਲੇ ਬਹੁਤ ਹੀ ਸਿਆਣਾ ਅਤੇ ਸੁਲਝਿਆ ਹੋਵੇਗਾ। ਅੱਜ ਸਿਰ ਜੋੜ ਕੇ ਵਿਉਂਤਬੰਦੀ ਕਰਨ ਦੀ ਜਰੂਰਤ ਹੈ, ਕਿ ਸਾਡੇ ਬੱਚਿਆਂ ਦੀ ਮੁਢਲੀ ਸਿੱਖਿਆ ਲਈ ਖਾਸ ਪ੍ਰਬੰਧ ਕੀਤੇ ਜਾਣ, ਜਿੱਥੇ ਬੱਚਿਆਂ ਦੀ ਮੁਢਲੀ ਸਿੱਖਿਆ ਮਾਂ ਬੋਲੀ ਵਿੱਚ ਹੋਵੇ ਅਤੇ ਉਸ ਵਿੱਚ ਗੁਰਬਾਣੀ ਦਾ ਗੁਰ ਇਤਿਹਾਸ ਦਾ ਜਾਇਕਾ ਜਰੂਰ ਹੋਵੇ।

ਇਸ ਲਈ ਸਭ ਤੋਂ ਪਹਿਲਾ ਕੰਮ ਸਾਨੂੰ ਆਪੋ ਆਪਣੇ ਇਲਾਕੇ ਵਿੱਚ ਪ੍ਰੀ-ਪ੍ਰਾਈਮਰੀ ਸਕੂਲ ਖੋਲਣੇ ਚਾਹੀਦੇ ਹਨ, ਜਿਸ ਵਿੱਚ ਮਾਂ ਬੋਲੀ ਦੇ ਨਾਲ-ਨਾਲ ਉਹਨਾਂ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਈਆਂ ਜਾਣ। ਮੁਢਲੀ ਸਿੱਖਿਆ ਹੀ ਮਨੁੱਖ ਦਾ ਅਸਲੀ ਨਿਰੀਖਣ ਕਰਦੀ ਹੈ, ਸਾਹਿਬਜ਼ਾਦਿਆਂ ਦੀ ਬੇਬਾਕੀ ਨਾਲ ਸੂਬੇ ਸਰਹੰਦ ਦੀ ਕਚਹਿਰੀ ਵਿੱਚ ਵਿਚਾਰ ਚਰਚਾ ਜਾਂ ਸੂਬੇ ਨੂੰ ਲਲਕਾਰ, ਇਸ ਗੱਲ ਦਾ ਪ੍ਰਤੀਕ ਹੈ ਕਿ ਉਹਨਾਂ ਬੱਚਿਆਂ ਦੀ ਮੁਢਲੀ ਸਿੱਖਿਆ ਅਤੇ ਪਰਵਰਿਸ਼ ਬਹੁਤ ਸੋਹਣੇ ਅਤੇ ਸੁਚੱਜੇ ਹੱਥਾਂ ਵਿੱਚ ਹੋਈ ਹੋਵੇਗੀ।

**ਅੱਜ ਇਸ ਲਈ ਵਚਨਬੰਦ ਹੋਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਕਿ ਅਸੀਂ ਭਾਵੇਂ ਦਸ ਬੱਚਿਆਂ ਤੋਂ ਸ਼ੁਰੂ ਕਰੀਏ, ਭਾਵੇਂ ਇੱਕ ਕਮਰੇ ਤੋਂ ਸ਼ੁਰੂ ਕਰੀਏ, ਭਾਵੇਂ ਆਪਣੇ ਘਰ ਤੋਂ ਸ਼ੁਰੂ ਕਰੀਏ, ਪਰ ਪ੍ਰੀ ਕਲਾਸਸ ਜਰੂਰ ਸ਼ੁਰੂ ਕਰੀਏ। ਜਿਸ ਨਾਲ ਸਾਡੀ ਨਵੀਂ ਪਨੀਰੀ, ਸੁਚੱਜੇ ਅਤੇ ਗੁਰਮਤਿ ਦੇ ਵਰਤਾਰੇ ਵਿੱਚ ਵਧੇ ਫੁੱਲੇਗੀ।**